**ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥**
ਅਰਥ: ਸਾਰੀ ਖ਼ਲਕਤ ਸੁੱਖਾਂ ਦੀ ਭੀਖ ਮੰਗਦੀ ਫਿਰਦੀ ਹੈ, ਪਰ ਸੁੱਖ ਦੇਣ ਵਾਲਾ ਰਮਿਆ ਹੋਇਆ ਅਕਾਲ ਪੁਰਖ ਹੈ। ਨਾਨਕ ਆਖਦੇ ਹਨ, ਹੇ ਮਨ ਤੂੰ ਉਸ ਰਮੇ ਹੋਏ ਨੂੰ ਯਾਦ ਰੱਖ ਤਾਂ ਕਿ ਤੇਰਾ ਇਹ ਕੰਮ ਪੂਰਾ ਹੋ ਜਾਵੇ। ਗੁਰਮਤਿ ਦਾ ਇਹ ਬੇਹੱਦ ਜ਼ਰੂਰੀ ਨੁਕਤਾ ਹੈ ਕਿ ਪੱਕੇ ਤੌਰ 'ਤੇ ਸੁੱਖਾਂ ਦਾ ਸਰੋਤ ਰਮਿਆ ਹੋਇਆ ਅਕਾਲ ਪੁਰਖ ਹੀ ਹੈ।

**7. ਸਮਰਪਣ**

ਜੇ ਪੰਜ ਵੱਡੇ ਔਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੋਂ ਬਚਣਾ ਹੈ, ਜੇ ਪੱਕੇ ਤੌਰ 'ਤੇ ਸੁੱਖ ਦੀ ਭਾਲ ਹੈ ਤਾਂ ਹਰਿ ਭਜਨ ਪ੍ਰਤੀ ਸਮਰਪਿਤ ਹੋਣਾ ਪਵੇਗਾ। ਇਸ ਤੋਂ ਬਿਨਾ ਹੋਰ ਕੋਈ ਤਰੀਕਾ ਨਹੀਂ। ਜਿਸ ਵੇਲੇ ਮਨ ਅਤੇ ਇੰਦਰੀਆਂ, ਪੰਜ ਔਗੁਣਾਂ ਨੂੰ ਹਰਾਉਣ ਵਿੱਚ ਅਸਮਰੱਥ ਲੱਗਣ ਤਾਂ ਹਰਿ ਦੀ ਸ਼ਰਨ ਭਾਵ ਹਰਿ ਭਜਨ ਹੀ ਇੱਕੋ ਇੱਕ ਸਹਾਰਾ ਹੈ।

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥ ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥**
ਅਰਥ: ਉਹ ਜੋ ਸਦਾ ਵਾਸਤੇ ਆਤਮਿਕ ਸੁੱਖ ਦੀ ਚਾਹਨਾ ਰੱਖਦਾ ਹੈ, ਉਹ ਅੰਦਰ ਵਸਦੇ ਅਕਾਲ ਪੁਰਖ ਅੱਗੇ ਸਮਰਪਣ ਕਰ ਦੇਵੇ। ਭਾਵ ਬਗੈਰ ਕਿਸੇ ਕਿੰਤੂ-ਪ੍ਰੰਤੂ, ਬਗੈਰ ਕਿਸੇ ਸ਼ੱਕ ਦੇ ਹਰਿ ਭਜਨ ਕਰ ਲਵੇ। ਨਾਨਕ ਆਖਦੇ ਹਨ, ਹੇ ਮਨਾ, ਤੂੰ ਵੀ ਅਜਿਹੀ ਮਨੋ-ਅਵਸਥਾ ਵਿੱਚ ਰਹਿ ਕਿਉਂਕਿ ਇਨਸਾਨੀ ਜ਼ਿੰਦਗੀ ਬੜੀ ਬੇਸ਼ਕੀਮਤੀ ਹੈ।

**ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥ ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥**
ਅਰਥ: ਮੈਂ ਬਹੁਤ ਕੋਸ਼ਿਸ਼ ਕੀਤੀ ਹੈ ਪਰ ਮੇਰੇ ਮਨ ਦੀ ਹਉਮੈ ਨਾ ਮਿਟੀ। ਮੇਰੇ ਮਾੜੀ ਮੱਤ ਵਿੱਚ ਫਸੇ ਦਾ ਇੱਕੋ ਹੱਲ ਹੈ ਕਿ ਸਿਰਜਣਹਾਰ ਨੂੰ ਆਪਣੇ ਅੰਦਰ ਵਸਾਵਾਂ।

**ਦੋਹਰਾ॥ ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥**
ਅਰਥ: ਦੁਨਿਆਵੀ ਜੰਜਾਲਾਂ ਨੇ ਮੇਰੀ ਅਧਿਆਤਮਿਕ ਸਮਰੱਥਾ ਖ਼ਤਮ ਕਰ ਦਿੱਤੀ ਹੈ ਅਤੇ ਮੈਨੂੰ ਇੰਝ ਜਕੜਿਆ ਜਿਸ ਵਿੱਚੋਂ ਨਿਕਲਣ ਦਾ ਕੋਈ ਹੋਰ ਤਰੀਕਾ ਜਾਂ ਜੁਗਤ ਮੇਰੇ ਕੋਲ ਨਹੀਂ ਹੈ। ਨਾਨਕ, ਮੈਂ ਹੁਣ ਸਰਬ ਵਿਆਪਕ ਸਿਰਜਣਹਾਰ ਦੀ ਸ਼ਰਣ ਵਿੱਚ ਆ ਗਿਆ ਹਾਂ, ਹੁਣ ਓਹੀ ਮੈਨੂੰ ਹਾਥੀ ਵਰਗਾ ਬਲ ਬਖਸ਼ਣਗੇ।

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥**
ਅਰਥ: ਇਹ ਬਲ ਹੀ ਸਾਰੀ ਮੁਸੀਬਤ ਦਾ ਹੱਲ ਹੈ, ਇਸਦੀ ਮਦਦ ਨਾਲ ਹੀ ਮੈਂ ਦੁਨਿਆਵੀ ਬੰਧਨ ਤੋੜ ਪਾਇਆ। ਨਾਨਕ, ਹੇ ਅਕਾਲ ਪੁਰਖ, ਮੈਂ ਪੂਰੀ ਤਰ੍ਹਾਂ ਤੇਰੀ ਸ਼ਰਣ ਵਿੱਚ ਆ ਗਿਆ ਹਾਂ। ਹੁਣ ਸਿਰਫ਼ ਤੂੰ ਹੀ ਮੇਰੇ ਬਲ ਦਾ ਸਰੋਤ ਹੈਂ।

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥ ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥**
ਅਰਥ: ਮੇਰੀਆਂ ਸਭ ਇੰਦਰੀਆਂ ਮੇਰਾ ਸਾਥ ਛੱਡ ਗਈਆਂ। ਕਿਸੇ ਨੇ ਵੀ ਮੇਰੀ ਸਹਾਇਤਾ ਕਰਨ ਦੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਨਾਨਕ ਕਹਿੰਦੇ ਨੇ ਇਸ ਲਈ ਏਹਨਾਂ ਦੁਨਿਆਵੀ ਜੰਜਾਲਾਂ ਦੀ ਮੁਸੀਬਤ ਵਿੱਚ ਮੈਨੂੰ ਸਿਰਫ਼ ਉਸ ਇੱਕ ਮਾਲਕ ਦੀ ਹੀ ਟੇਕ ਹੈ

**8. ਸਮਾਂ ਬਰਬਾਦ ਨਾ ਕਰੋ**
ਆਮ ਇਨਸਾਨ ਸਾਰੀ ਉਮਰ ਰੂਹਾਨੀਅਤ ਨੂੰ ਜ਼ਿੰਦਗੀ ਦੀਆਂ ਤਰਜੀਹਾਂ (Priorities) ਵਿੱਚ ਸਭ ਤੋਂ ਹੇਠਾਂ ਰੱਖਦਾ ਹੈ। ਬਚਪਨ ਵਿੱਚ ਮਾਪਿਆਂ ਨੂੰ ਲਗਦਾ ਹੈ ਕਿ ਇਸ ਸਫ਼ਰ ਲਈ ਹਜੇ ਇਹ ਛੋਟਾ ਹੈ, ਜਵਾਨ ਹੋ ਕੇ ਇੰਝ ਲਗਦਾ ਹੈ ਕਿ ਪੈਸਾ ਕਮਾਉਣਾ ਹੀ ਸਿਰਫ਼ ਇੱਕੋ-ਇੱਕ ਟੀਚਾ ਹੈ ਅਤੇ ਬੁਢਾਪੇ ਵਿੱਚ ਸਫ਼ਰ ਬੇਹੱਦ ਔਖਾ ਹੋ ਜਾਂਦਾ ਹੈ। ਇਸ ਲਈ ਗੁਰਮਤਿ ਦਾ ਸਫ਼ਰ ਬਿਨਾ ਕਿਸੇ ਦੇਰੀ ਦੇ ਸ਼ੁਰੂ ਕਰਨਾ ਚਾਹੀਦਾ ਹੈ।

**ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥ ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥**
ਅਰਥ: ਔਗੁਣ ਰੂਪੀ ਜਮਦੂਤਾਂ ਕਾਰਨ ਮੇਰੀ ਜਵਾਨੀ ਤਾਂ ਵਿਅਰਥ ਗਈ ਹੀ ਸਗੋਂ ਮੇਰੇ ਬੁਢਾਪੇ ਵਿੱਚ ਵੀ ਮੇਰੀਆਂ ਇੰਦਰੀਆਂ ਇਹਨਾਂ ਅੱਗੇ ਹਾਰ ਗਈਆਂ। ਨਾਨਕ ਕਹਿੰਦੇ ਨੇ ਕਿ ਤੂੰ ਸਰਬ ਵਿਆਪਕ ਹਰਿ ਨੂੰ ਭਜੁ ਭਾਵ ਆਪਣੇ ਅੰਦਰ ਵਸਾ ਕਿਉਂਕਿ ਤੇਰੀ ਉਮਰ ਘਟਦੀ ਜਾ ਰਹੀ ਹੈ।

**ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥**
ਅਰਥ: ਇਸ ਤੋਂ ਪਹਿਲਾਂ ਕਿ ਮੈਨੂੰ ਸੋਝੀ ਆਉਂਦੀ, ਬੁਢਾਪਾ ਆ ਗਿਆ ਅਤੇ ਹੁਣ ਮੌਤ ਮੇਰਾ ਇੰਤਜ਼ਾਰ ਕਰ ਰਹੀ ਹੈ। ਨਾਨਕ ਕਹਿ ਰਹੇ ਨੇ ਕਿ ਮੂਰਖ ਮਨ, ਤੂੰ ਹਜੇ ਵੀ ਉਸ ਅਕਾਲ ਪੁਰਖ ਨਾਲ ਕਿਉਂ ਨਹੀਂ ਜੁੜ ਰਿਹਾ।

**ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥ ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥**
ਅਰਥ: ਜਿਸ ਅਕਾਲ ਪੁਰਖ ਨੇ ਤੈਨੂੰ ਇੰਦਰੀਆਂ ਦੀ ਬਖਸ਼ਿਸ਼ ਕੀਤੀ, ਤੂੰ ਬਦਲੇ ਵਿੱਚ ਉਸ ਨਾਲ ਪਿਆਰ ਨਾ ਪਾਇਆ। ਨਾਨਕ ਕਹਿ ਰਹੇ ਨੇ ਕਿ ਮੂਰਖ ਮਨਾ, ਤੂੰ ਹਜੇ ਵੀ ਉਸ ਨਾਲ ਜੁੜਨ ਤੋਂ ਮੁਨਕਰ ਕਿਉਂ ਹੈਂ।

**ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥ ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥**
ਅਰਥ: ਉਹ ਜਿਸਨੇ ਮੈਨੂੰ ਇੰਦਰੀਆਂ ਬਖਸ਼ੀਆਂ, ਬੇਸ਼ਕੀਮਤੀ ਜ਼ਿੰਦਗੀ ਦਾ ਸੁੱਖ ਬਖਸ਼ਿਆ ਅਤੇ ਜਿਸਨੇ ਬਾਕਮਾਲ ਸਰੀਰ ਦਿੱਤਾ; ਨਾਨਕ ਕਹਿੰਦੇ ਨੇ, ਹੈ ਮਨਾ ਤੂੰ ਫਿਰ ਵੀ ਉਸ ਹਰ ਥਾਂ ਰਮੇ ਹੋਏ ਅਕਾਲ ਪੁਰਖ ਨੂੰ ਯਾਦ ਨਹੀਂ ਕਰਦਾ।

**ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥ ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥**
ਅਰਥ: ਬਚਪਨ, ਜਵਾਨੀ ਅਤੇ ਫੇਰ ਬੁਢਾਪਾ, ਜ਼ਿੰਦਗੀ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਜਾਂਦੀਆਂ ਹਨ। ਨਾਨਕ ਕਹਿੰਦੇ ਨੇ ਕਿ ਹਰਿ ਨੂੰ ਭਜੇ ਵਗੈਰ ਸਾਰੀਆਂ ਹੀ ਵਿਅਰਥ ਮੰਨ।

**ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥ ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥**
ਅਰਥ: ਲਾਲਚ ਦੇ ਵਿੱਚ ਫਸ ਕੇ, ਉਹ ਕੰਮ ਨਾ ਕੀਤੇ ਜੋ ਕਰਨਾ ਚਾਹੀਦੇ ਸਨ ਭਾਵ ਅਕਾਲ ਪੁਰਖ ਨਾਲ ਨਾ ਜੁੜਿਆ। ਨਾਨਕ, ਜ਼ਿੰਦਗੀ ਇਹਨਾਂ ਜੰਜਾਲਾਂ ਵਿੱਚ ਫਸੇ ਹੋਏ ਦੀ ਹੀ ਲੰਘ ਗਈ, ਹੈ ਮਨ ਹੁਣ ਪਛਤਾਉਣ ਦਾ ਕੀ ਫਾਇਦਾ।

**ਏਕ ਭਗ ਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥**
ਅਰਥ: ਉਹ ਇਨਸਾਨ ਜਿਸਦੇ ਦੇ ਮਨ ਵਿੱਚ ਅਕਾਲ ਪੁਰਖ ਲਈ ਪਿਆਰ ਨਹੀਂ। ਨਾਨਕ, ਉਹ ਅਜਿਹੀ ਜ਼ਿੰਦਗੀ ਜਿਉਂ ਰਿਹਾ ਹੈਂ ਜੋ ਇੱਛਾਵਾਂ ਅਤੇ ਲਾਲਚ ਨਾਲ ਭਰੀ ਹੋਈ ਹੈ।

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥**
ਅਰਥ: ਮੇਰਾ ਸਿਰ ਕੰਬਦੈ, ਪੈਰ ਡਗਮਗਾਉਂਦੇ ਨੇ ਅਤੇ ਅੱਖਾਂ ਤੋਂ ਦਿਖਦਾ ਨਹੀਂ। ਨਾਨਕ ਅਜਿਹੇ ਮੇਰੇ ਹਾਲਾਤ ਹੋ ਚੁੱਕੇ ਹਨ ਪਰ ਹਜੇ ਵੀ ਮੈਂ ਰਮੇ ਹੋਏ ਦਾ ਰਸ ਨਾ ਮਾਣ ਸਕਿਆ।

**9. ਹੁਕਮ, ਕਰਮਕਾਂਡ, ਮੌਤ ਦੀ ਚਿੰਤਾ ਅਤੇ ਗੁਰੂ**
ਅਸੀਂ ਜੋ ਉੱਪਰ ਮੁੱਖ ਤੱਤ ਵਿਚਾਰੇ, ਉਸ ਤੋਂ ਇਲਾਵਾ ਵੀ ਅਨੇਕਾਂ ਹੋਰ ਨੁਕਤਿਆਂ ਉੱਪਰ ਪਾਤਸ਼ਾਹ ਨੇ ਚਾਨਣ ਪਾਇਆ ਹੈ। ਜਿਵੇਂ ਪਾਤਸ਼ਾਹ ਹੁਕਮ ਬਾਰੇ ਫੁਰਮਾਉਂਦੇ ਹਨ ਕਿ ਖੁਸ਼ੀ ਅਤੇ ਗਮੀ, ਅਕਾਲ ਪੁਰਖ ਦਾ ਹੁਕਮ ਨਿਸ਼ਚਿਤ ਕਰਦਾ ਹੈ, ਇਸ ਲਈ ਉਸ ਨੂੰ ਪਛਾਣੀਏ। ਦੂਜਾ, ਵੱਖ-ਵੱਖ ਧਾਰਮਿਕ ਕਰਮਕਾਂਡਾਂ ਨੂੰ ਪਾਤਸ਼ਾਹ ਹਾਥੀ ਦੇ ਨਹਾਉਣ ਬਰਾਬਰ ਹੀ ਮੰਨਦੇ ਹਨ। ਤੀਜਾ, ਮੌਤ ਦੀ ਚਿੰਤਾ ਬਾਰੇ ਪਾਤਸ਼ਾਹ ਫੁਰਮਾਉਂਦੇ ਨੇ ਇਹ ਗੱਲ ਘਰ ਕਰ ਲਈਏ ਕਿ ਇਸ ਸੰਸਾਰ ਵਿੱਚ ਕੁੱਝ ਵੀ ਥਿਰ ਨਹੀਂ ਹੈ। ਅੰਤ ਵਿੱਚ, ਪਾਤਸ਼ਾਹ ਕਹਿੰਦੇ ਨੇ ਕਿ ਇਹ ਪੂਰਾ ਆਤਮਿਕ ਸਫ਼ਰ ਗੁਰੂ ਵਲੋਂ ਬਖਸ਼ੇ ਗੁਰ ਨਾਲ ਹੀ ਸ਼ੁਰੂ ਹੋਣਾ ਹੈ, ਬਚਿਆ ਰਹਿਣਾ ਹੈ ਅਤੇ ਸਿਰੇ ਲੱਗਣਾ ਹੈ।

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥**
ਅਰਥ: ਮੈਂ ਖੁਸ਼ ਹੋਣ ਲਈ ਬਹੁਤ ਯਤਨ ਕੀਤੇ ਅਤੇ ਦੁਖੀ ਹੋਣ ਲਈ ਕੋਈ ਵੀ ਨਹੀਂ। ਨਾਨਕ ਆਖਦੇ ਹਨ, ਹੇ ਮਨ ਇਹ ਗੱਲ ਘਰ ਕਰ ਲੈ ਕਿ ਅਕਾਲ ਪੁਰਖ ਦਾ ਹੁਕਮ ਹੀ ਖੁਸ਼ੀ ਅਤੇ ਦੁੱਖ ਤੈਅ ਕਰਦਾ ਹੈ।

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥**
ਅਰਥ: ਤੀਰਥਾਂ ’ਤੇ ਜਾਣਾ, ਵਰਤ ਰੱਖਣੇ ਅਤੇ ਅਤੇ ਦਾਨ ਕਰਨਾ ਸਿਰਫ਼ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੀ ਹੈ। ਨਾਨਕ ਇਹ ਸਭ ਕਰਮਕਾਂਡ ਹਾਥੀ ਦੇ ਨਹਾਉਣ ਵਾਂਗ ਹੈ ਭਾਵ ਵਿਅਰਥ ਹਨ।

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥**
ਅਰਥ: ਮੌਤ ਦੀ ਚਿੰਤਾ (Anxiety) ਤਾਂ ਹੋਵੇ ਜੇ ਇਹ ਕੋਈ ਅਣਹੋਣੀ ਹੋਵੇ। ਮੇਰੀ ਚਿੰਤਾ ਇਸ ਗੱਲੋਂ ਖ਼ਤਮ ਹੋ ਜਾਂਦੀ ਹੈ ਕਿ ਇਸ ਜੱਗ ਵਿੱਚ ਕੋਈ ਵੀ ਹਮੇਸ਼ਾ ਲਈ ਨਹੀਂ ਰਹਿੰਦਾ।

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥**
ਅਰਥ: ਉਸ ਨੇ ਹੀ ਰੱਬੀ ਗੁਣ ਅੰਦਰ ਵਸਾਏ, ਗੁਰੂ ਅੰਦਰ ਵਸਾਇਆ ਅਤੇ ਗੁਰੂ ਦਾ ਰੱਬੀ ਗਿਆਨ ਅੰਦਰ ਵਸਾਇਆ। ਨਾਨਕ, ਜਿਸਨੇ ਆਤਮਿਕ ਸਫ਼ਰ ਵਿੱਚ ਗੁਰੂ ਦਾ ਮੰਤਰ ਭਾਵ ਗੁਰ ਅਹਿਸਾਸ ਕਰ ਲਿਆ।

**ਤੱਤ ਸਾਰ:** ਕੁੱਲ ਮਿਲਾ ਕੇ ਨੌਵੇਂ ਪਾਤਸ਼ਾਹ ਦੀ ਇਹ ਬਾਣੀ ਸਾਨੂੰ ਇੱਕ ਆਤਮਿਕ ਟੀਚਾ ਦਿੰਦੀ ਹੈ, ਜਿੱਥੇ ਇੱਕ ਸਿੱਖ ਪਹੁੰਚ ਸਕਦਾ ਹੈ ਅਤੇ ਉਹ ਹੱਦ ਹੈ ਰੱਬੀ ਇਨਸਾਨ ਬਣਨ ਦੀ ਜੋ ਖ਼ੁਦ ਰੱਬ ਦੀ ਮੂਰਤ ਹੋਵੇ। ਪਾਤਸ਼ਾਹ ਸਿਰਫ਼ ਟੀਚਾ ਹੀ ਨਹੀਂ ਸਗੋਂ ਉਹ ਮੰਤਰ ਵੀ ਦਿੰਦੇ ਨੇ ਜਿਸ ਨਾਲ ਇਹ ਚਮਤਕਾਰ ਹੋ ਸਕਦਾ ਹੈ। ਉਹ ਮੰਤਰ ਹੈ ਹਰਿ ਭਜਨ ਦਾ। ਇਹੀ ਮੰਤਰ ਸੁੱਖਾਂ ਦਾ ਸਰੋਤ ਹੈ ਅਤੇ ਇਹੋ ਮਾਇਆ ਨੂੰ ਕਾਬੂ ਕਰਨ ਦਾ ਕਾਰਗਾਰ ਹਥਿਆਰ। ਪਾਤਸ਼ਾਹ ਇਹ ਵੀ ਫੁਰਮਾਉਂਦੇ ਹਨ ਕਿ ਇਹ ਸਫ਼ਰ ਤੈਅ ਕਰਨ ਲਈ ਕੋਈ ਵੀਜ਼ਾ ਨਹੀਂ ਲਗਵਾਉਣਾ, ਇਹ ਪੂਰਾ ਸਫ਼ਰ ਆਪਣੇ ਮਨ ਵਿੱਚ ਹੀ ਤੈਅ ਹੋਣਾ ਹੈ, ਮੰਜ਼ਿਲ ਵੀ ਇੱਥੇ ਹੀ ਮਿਲੇਗੀ ਅਤੇ ਮੰਜ਼ਿਲ ਪਾਉਣ ਦਾ ਰਸ ਵੀ। ਇਹ ਸਫ਼ਰ ਤੈਅ ਕਰਨ ਦਾ ਸਭ ਤੋਂ ਸਹੀ ਸਮਾਂ ‘ਹੁਣ’ ਹੈ। ਸੋ ਬਿਨਾ ਸਮਾਂ ਬਰਬਾਦ ਕੀਤਿਆਂ, ਕਰਮਕਾਂਡਾਂ ਤੋਂ ਦੂਰ ਰਹਿ ਕੇ ਗੁਰੂ ਦਾ ਪੱਲਾ ਫੜ ਕੇ ਇਹ ਸਫ਼ਰ ਹੁਣੇ ਸ਼ੁਰੂ ਕਰ ਲਿਆ ਜਾਵੇ।

## ਜਿਉਣਵਾਲਾ ਜੀ ਲਿਖਦੇ ਹਨ...



### ਸਿੱਖ ਸੰਗਤ ਨੂੰ ਦਸਮ ਗ੍ਰੰਥ ਬਾਰੇ ਕੁੱਝ ਸਵਾਲ

ਗੁਰਚਰਨ ਸਿੰਘ ਜਿਉਣਵਾਲਾ
brar_jiwanwala@hotmail.com

ਹੁਣ ਦੱਸੋ ਦਸਮ ਗ੍ਰੰਥ ਦਾ ਲਿਖਾਰੀ ਕੌਣ ਹੈ?

ਚੌਪਈ॥ ਜਹਾਂਗੀਰ ਆਦਿਲ ਮਰ ਗਯੋ॥ ਸਾਹਿਜਹਾਂ ਹਜਰਤਿ ਜੁ ਭਯੋ॥1॥

**ਜੇਕਰ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਹਨ** ਤਾਂ ਕੀ ਉਹ ਆਪਣੇ ਪੜ-ਦਾਦੇ ਦੇ ਕਾਤਲ ਨੂੰ ਨਿਆਂਕਾਰ ਲਿਖ ਸਕਦੇ ਹਨ? ਨਹੀਂ। ਜੇਕਰ ਜਹਾਂਗੀਰ ਨਿਆਂਕਾਰ ਸੀ ਤਾਂ ਗੁਰੂ ਅਰਜਨ ਪਾਤਸ਼ਾਹ ਜੀ ਕੌਣ ਸਨ? ਕੀ ਗੁਰੂ ਸਹਿਬ ਚੋਰ ਸਨ, ਕਾਤਲ ਸਨ, ਲੁਟੇਰੇ ਸਨ ਜਿਸ ਕਰਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ?

2. ਹੁਣੇ ਹੁਣੇ ਐਲ.ਏ. ਅਮਰੀਕਾ ਵਿਚ ਦਸਮ ਗ੍ਰੰਥ ਸਬੰਧੀ ਕਾਨਫ੍ਰੰਸ 'ਚ ਬੋਲਦਿਆਂ ਡਾ. ਗੁਰਿੰਦਰ ਸਿੰਘ ਮਾਨ ਨੇ ਇਹ ਸਾਬਤ ਕੀਤਾ ਕਿ ਦਸਮ ਗ੍ਰੰਥ ਗੁਰੂ ਜੀ ਨੇ 1696 ਵਿਚ ਪੂਰਾ ਕੀਤਾ ਸੀ। ਦੂਸਰੇ ਪਾਸੇ 'ਮਿਤ੍ਰ ਪਿਆਰੇ ਨੂੰ ਹਾਲ ਮਰੀਦਾਂ ਦਾ ਕਹਿਣਾ' ਵਾਲਾ ਸ਼ਬਦ ਤਾਂ ਸਾਰੇ ਵਿਦਵਾਨ ਤੇ ਪ੍ਰਚਾਰਕ ਇਹ ਮੰਨਦੇ ਹਨ ਕਿ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜੇ ਦੇ ਜੰਗਲ ਵਿਚ ਬੈਠਿਆਂ ਗੁਰੂ ਜੀ ਨੇ ਉਚਾਰਣ ਕੀਤਾ। ਇਹ ਘਟਨਾ ਤਾਂ 27-28 ਦਸੰਬਰ 1704 ਦੀ ਹੈ। ਹੁਣ ਇਹ ਦੱਸੋ ਕਿ ਇਹ ਗ੍ਰੰਥ ਕਦੋਂ ਲਿਖਿਆ ਗਿਆ?

**3. ਕੀ ਗੁਰੂ ਜੀ ਨੇ ਆਪਣਾ ਗ੍ਰੰਥ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਪੂਰਾ ਕਰਨਾ ਸੀ?**

ਸੰਬਤ ਸੱਤ੍ਰਹ ਸਹਸ ਭਣਿਜੈ॥ ਅਰਧ ਸਹਸ ਫੁਨਿ ਤੀਨਿ ਕਹਿੱਜੈ॥ ਭਾਦ੍ਰਵ ਸੁਦੀ ਅਸ਼ਟਮੀ ਰਵੀ ਵਾਰਾ॥
ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ॥405॥ ਪੰਨਾ 1388॥ ਭਾਂਦੋ ਸੁਦੀ 8 ਸੰਮਤ 1753 (25 ਅਗਸਤ 1696 ਯੂਲੀਅਨ) ਨੂੰ ਦਿਨ ਮੰਗਲਵਾਰ ਸੀ ਜਦੋਂ ਕਿ ਲੇਖਕ ਐਤਵਾਰ ਲਿਖ ਰਿਹਾ ਹੈ।

**4. ਇਸ ਗ੍ਰੰਥ ਦੀਆਂ ਅੰਦਰਲੀਆਂ ਗਵਾਹੀਆਂ** ਤਾਂ ਹੇਠ ਲਿਖੀਆਂ ਤਰੀਕਾਂ ਦੱਸਦੀਆਂ ਹਨ: -
ਇਸ ਗ੍ਰੰਥ ਦੇ ਸੰਪੂਰਨ ਹੋਣ ਦੀਆਂ ਪੰਜ ਤਰੀਕਾਂ ਇਸੇ ਗ੍ਰੰਥ ਵਿਚੋਂ ਮਿਲਦੀਆਂ ਹਨ। ਕਿਹੜੀ ਤਰੀਕ ਠੀਕ ਹੈ? ਪੰਨਾ 254, 354, 386, 570 ਅਤੇ 1388।

ਦ. ਗ੍ਰੰ. ਪੰਨਾ 254॥ ਸੰਮਤ ਸੱਤ੍ਰਹ ਸਹਸ ਪਚਾਵਨ॥ ਹਾੜ ਵਦੀ ਪ੍ਰਿਥਮੈ ਸੁਖ ਦਾਵਨ॥860॥ ਜਾਣ ਬੁੱਝ ਕੇ ਹਫਤੇ ਦਾ ਦਿਨ ਨਹੀਂ ਦਿੱਤਾ ਗਿਆ ਤਾਂ ਕਿ ਗਲਤੀ ਨਾ ਫੜੀ ਜਾ ਸਕੇ। ਐਸੀ ਗਲਤੀ ਗੁਰੂ ਜੀ ਨਹੀਂ ਕਰਨਗੇ।

ਦ.ਗ੍ਰੰ.ਪੰਨਾ 354॥ ਸੱਤ੍ਰਹ ਸੈ ਪੈਤਾਲ ਮੈ ਕੀਨੀ ਕਥਾ ਸੁਧਾਰ॥ ਚੂਕ ਹੋਇ ਜਹ ਤਹ ਸੁ ਕਬਿ ਲੀਜਹੁ ਸਕਲ ਸੁਧਾਰ॥755॥ ਇੱਥੇ ਲਿਖਾਰੀ ਮਹੀਨਾ, ਹਫਤਾਵਾਰੀ ਦਿਨ ਤੇ ਵਦੀ ਸੁਦੀ ਸਭ ਛੱਡ ਗਿਆ। ਇਹ ਵੀ ਬਹੁਤ ਭਾਰੀ ਚਲਾਕੀ ਹੈ ਆਪਣੀ ਗਲਤੀ ਨੂੰ ਛੁਪਾਉਣ ਲਈ। ਐਸੀ ਗਲਤੀ ਗੁਰੂ ਜੀ ਨਹੀਂ ਕਰਨਗੇ।

ਲਿਖਾਰੀ ਬਾਰ ਬਾਰ ਬਚਿਤ੍ਰ ਨਾਟਕ/ਦਸਮ ਗ੍ਰੰਥ ਵਿਚ ਲਿਖ ਰਿਹਾ ਹੈ ਕਿ ਜਿੱਥੇ ਕਿਤੇ ਤੁਹਾਨੂੰ ਮੇਰੀ ਲਿਖਤ ਵਿਚ ਗਲਤੀ ਮਿਲੇ ਉਹ ਸੁਧਾਰ ਲੈਣੀ ਯਾ ਸੁਧਾਰ ਕੇ ਪੜ੍ਹਨਾ। ਕੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਕੋਈ ਅਜਿਹਾ ਸੰਕੇਤ ਮਿਲਦਾ ਹੈ? ਨਹੀਂ। ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਨਾ ਹੋ ਕੇ ਕੋਈ ਘਟੀਆ ਕਿਸਮ ਦਾ ਲਿਖਾਰੀ ਸਿੱਧ ਹੁੰਦਾ ਹੈ।

ਪੰਨਾ 386॥ ਦੋਹਰਾ॥ ਸਤ੍ਰਹ ਸੈ ਚਵਤਾਲ ਮੈ ਸਾਵਨ ਸੁਦਿ ਬੁਧਿਵਾਰ॥ ਨਗਰ ਪਾਵਟਾ ਮੋ ਤੁਮੋ ਰਚਿਯੋ ਗ੍ਰੰਥ ਸੁਧਾਰ॥ 983॥ ਖੜਗਪਾਨ ਕੀ ਕ੍ਰਿਪਾ ਤੇ ਪੋਥੀ ਰਚੀ ਬਿਚਾਰ॥ ਭੂਲ ਹੋਇ ਜਹਿ ਤਹਿ ਸੁ ਕਬਿ ਪੜੀਅਹੁ ਸਭੈ ਸੁਧਾਰ॥ 984॥ ਇਸ ਤਰੀਕ ਵਿਚ ਮਹੀਨਾ ਤੇ ਦਿੱਨ ਤਾਂ ਦੇ ਦਿੱਤਾ ਪਰ ਸੁਦੀ ਕਿਹੜੀ ਸੀ, ਲਿਖਾਰੀ ਛੱਡ ਗਿਆ।

ਦ. ਗ੍ਰੰ. ਪੰਨਾ 570॥ ਦੋਹਰਾ॥ ਸੱਤ੍ਰਹ ਸੈ ਪਤਾਲ ਮਹਿ ਸਾਵਨ ਸੁਦਿ ਥਿਤ ਦੀਪ॥ ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥॥2490॥ ਇਸ ਤਰੀਕ ਵਿਚ ਲਿਖਾਰੀ ਹਫਤੇ ਦਾ ਦਿਨ ਲਿਖਣਾ ਛੱਡ ਗਿਆ ਹੈ।

ਦਸਮ ਕਥਾ ਭਗਾਉਤ ਕੀ ਭਾਖਾ ਕਰੀ ਬਨਾਇ॥ ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥2491॥ ਇਹ ਪੰਗਤੀ ਕ੍ਰਿਸ਼ਨ ਅਵਤਾਰ ਵਿਚੋਂ ਹੈ ਤੇ ਇਸਦੇ ਮਤਲਬ ਬਣਦੇ ਹਨ ਕਿ ਭਗਵਤ ਪੁਰਾਣ ਦੇ ਦਸਵੇਂ ਸਕੰਧ, ਅਧਿਆਇ ਨੂੰ ਹੁਣ ਮੈਂ ਲਿਪੀ ਅੰਤਰ (ਭਾਖਾ ਕਰੀ ਬਨਾਇ) ਕਰਨ ਲੱਗਾ ਹਾਂ। ਮੇਰਾ ਹੋਰ ਕੋਈ ਮਤਲਬ ਨਹੀਂ ਸਗੋਂ ਧਰਮ ਯੁੱਧ ਦਾ ਚਾਅ ਹੈ। ਧਰਮ ਯੁੱਧ ਕਿਹੜਾ? ਇਸ ਤੋਂ ਅੱਗੇ ਤਾਂ ਕ੍ਰਿਸ਼ਨ ਲੀਲਾ ਮਤਲਬ ਕ੍ਰਿਸ਼ਨ ਜੀ ਲੋਕਾਂ ਦੀਆਂ ਕੁਆਰੀਆਂ ਕੁੜੀਆਂ ਦੇ ਕੱਪੜੇ ਚੁੱਕ ਕੇ ਦਰੱਖਤ ਤੇ ਚੜ੍ਹ ਜਾਂਦੇ ਹਨ ਉਨ੍ਹਾਂ ਨੂੰ ਨੰਗੀਆਂ ਨੂੰ ਵੇਖਣ ਲਈ ਅਤੇ ਫਿਰ ਉਹ ਕੁਆਰੀਆਂ ਕੁੜੀਆਂ ਦੀਆਂ ਕੁੱਖਾਂ ਵੀ ਹਰੀਆਂ ਕਰਦੇ ਹਨ।

ਦ.ਗ੍ਰੰ.ਪੰਨਾ 1388:ਸੰਬਤ ਸੱਤ੍ਰਹ ਸਹਸ ਭਣਿਜੈ॥ ਅਰਧ ਸਹਸ ਫੁਨਿ ਤੀਨਿ ਕਹਿੱਜੈ। ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ। ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ॥

ਸੰਮਤ 1753 ਭਾਦ੍ਰਵ ਸੁਦੀ ਅਸ਼ਟਮੀ ਨੂੰ ਰਵੀਵਾਰ ਨਹੀਂ ਸੀ ਬਲਕਿ ਮੰਗਲਵਾਰ ਸੀ। ਇਸ ਤਰੀਕ ਬਾਰੇ ਸਿਰਦਾਰ ਪਾਲ ਸਿੰਘ ਜੀ ਪੁਰੇਵਾਲ ਹੋਰਾਂ ਨੇ ਕੋਈ ਭੁਲੇਖਾ ਰਹਿਣ ਹੀ ਨਹੀਂ ਦਿੱਤਾ।

**5. ਕੀ ਗੁਰੂ ਗੋਬਿੰਦ ਸਿੰਘ ਜੀ ਭੁੱਲੜ ਤੇ ਡਰੂ ਲਿਖਾਰੀ ਸਨ?**

ਸੱਤ੍ਰਹ ਸੈ ਪੈਤਾਲ ਮੈ ਕੀਨੀ ਕਥਾ ਸੁਧਾਰ॥ ਚੂਕ ਹੋਇ ਜਹਿ ਤਹਿ ਸੁ ਕਬਿ ਲੀਜਹੁ ਸਕਲ ਸੁਧਾਰ॥755॥ ਦ.ਗ੍ਰੰ.ਪੰਨਾ 354॥

ਤਾਤੇ ਕਹੀ ਨ ਰੁਦ੍ਰ ਕਹਾਨੀ॥ ਗ੍ਰੰਥ ਬਢਨ ਕੀ ਚਿੰਤ ਪਛਾਨੀ॥ ਤਾ ਤੇ ਕਥਾ ਥੋਰ ਹੀ ਭਾਸੀ॥ ਨਿਰਖ ਭੂਲਿ ਕਬਿ ਕਰੋ ਨ ਹਾਸੀ॥ 28॥ ਓਹੀ ਪੰਨਾ 181.

ਉਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ ਸਾਨੂੰ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਲਿਖਾਰੀ ਕਿਸ ਕਿਸਮ ਦੀ ਮਾਨਸਿਕਤਾ ਦਾ ਭਾਗੀਦਾਰ ਹੈ, ਉਸ ਦੀ ਸੋਚ ਕਿਸ ਤਰ੍ਹਾਂ ਦੀ ਹੈ, ਉਹ ਬਹਾਦਰ ਹੈ ਯਾ ਡਰੂ ਕਿਸਮ ਦਾ ਹੈ। ਲਿਖਾਰੀ ਨੂੰ ਪਤਾ ਹੈ ਕਿ ਉਹ ਗਲਤੀਆਂ (ਚੂਕ ਹੋਇ) ਕਰੀ ਜਾ ਰਿਹਾ ਹੈ ਤੇ ਨਾਲ ਦੀ ਨਾਲ ਇਹ ਵੀ ਸੁਝਾਓ ਦੇ ਰਿਹਾ ਹੈ ਕਿ ਤੁਸੀਂ ਗਲਤੀਆਂ ਨੂੰ ਸੁਧਾਰ ਲਿਓ। ਮਾੜੇ ਤੋਂ ਮਾੜਾ ਲਿਖਾਰੀ ਵੀ ਆਪਣੇ ਬਾਰੇ ਆਪਣੀ ਲਿਖਤ ਵਿਚ ਇਹ ਸੰਕੇਤ ਕਦੀ ਵੀ ਨਹੀਂ ਦੇਵੇਗਾ। 1436 ਪੰਨੇ ਕਾਲੇ ਕਰਨ ਦੇ ਬਾਵਜੂਦ ਵੀ ਹਾਲੇ ਉਹ ਇਹ ਲਿਖ ਰਿਹਾ ਹੈ ਕਿ ਰੁਦ੍ਰ ਅਵਤਾਰ ਦੀ ਕਾਥਾ ਮੈਂ ਵਿਸਥਾਰ ਪੂਰਬਕ ਨਹੀਂ ਲਿਖ ਰਿਹਾ ਕਿਉਂਕਿ ਗ੍ਰੰਥ ਵੱਡਾ ਹੋਣ ਦਾ ਮੈਨੂੰ ਡਰ ਹੈ।

**6. ਦਸਮ ਗ੍ਰੰਥ ਦਾ ਲਿਖਾਰੀ ਮਹਾਂਕਾਲ ਦਾ ਪੁਜਾਰੀ ਹੈ ਤੇ ਉਸਦੇ ਸਿੱਖ ਬਣਾਉਣ ਦਾ ਤਰੀਕਾ ਹੈ ਸ਼ਰਾਬ ਅਫੀਮ ਭੰਗ ਪਿਆ ਕੇ ਨਾ ਕੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ।**

ਦ. ਗ੍ਰੰ. ਪੰਨਾ 1210, ਚਰਿਤ੍ਰ 266 ਅਖੀਰਲਾ ਬੰਦ। ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਇ। ਮਹਾਂਕਾਲ ਕੋ ਸਿੱਖਯ ਕਰ ਮਦਰਾ ਭਾਂਗ ਪਵਾਇ॥125॥ ਪਰ ਇਸਦੇ ਉਲਟ ਗੁਰੂ ਅਰਜਨ ਪਾਤਸ਼ਾਹ ਜੀ ਤਾਂ ਇਸ ਮਹਾਂਕਾਲ ਨੂੰ ਰੱਦ ਕਰਦੇ ਹਨ।

**ਜਪਿ ਗੋਬਿੰਦ ਗੋਪਾਲ ਲਾਲੁ॥ ਰਾਮ ਨਾਮ ਸਿਮਰ ਤੂ ਜੀਵਹਿ ਫਿਰ ਨ ਖਾਈ ਮਹਾਂਕਾਲ॥੧॥ ਰਹਾਉ॥**
**ਕੋਟਿ ਜਨਮ ਭ੍ਰਮਿ ਭ੍ਰਮਿ ਆਇਓ॥ ਬਢੈ ਭਾਗਿ ਸਾਧਸੰਗੁ ਪਾਇਓ॥੧॥**
**ਬਿਨੁ ਗੁਰ ਪੂਰੇ ਨਾਹੀ ਉਧਾਰੁ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ॥੨॥** ਪੰਨਾ 885-86, ਮ:੫॥

**7. ਕੀ ਗੁਰੂ ਜੀ ਦੇਵੀ ਦੇ ਪੁਜਾਰੀ ਸਨ?**

ਸਰਬਕਾਲ ਹੈ ਪਿਤਾ ਹਮਾਰਾ॥ ਦੇਬਿ ਕਾਲਕਾ ਮਾਤ ਹਮਾਰਾ॥ ੫॥ ਪੰਨਾ 73॥

ਇਸਨੂੰ ਯੁਗਲ ਭਗਤੀ ਕਹਿੰਦੇ ਹਨ ਜੋ ਹਿੰਦੂ ਮੱਤ ਵਿਚ ਪ੍ਰਵਾਨ ਹੈ। ਜਿਵੇਂ: ਰਾਧੇ ਸ਼ਾਮ, ਸੀਤਾ ਰਾਮ, ਬਿਸ਼ਨੂੰ ਲੱਛਮੀ, ਮਹਾਂਕਾਲ ਤੇ ਕਾਲਕਾ॥ ਜਿਸ ਸਰਬਕਾਲ ਯਾ ਮਹਾਂਕਾਲ ਨੂੰ ਗੁਰੂ ਗ੍ਰੰਥ ਸਾਹਿਬ ਜੀ ਕੱਟਦੇ ਹਨ ਕੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਨੂੰ ਉਸੇ ਸਰਬਕਾਲ ਅਤੇ ਕਾਲਕਾ ਦੇਵੀ ਦੇ ਪੁੱਤਰ ਬਣਨ ਦਾ ਉਪਦੇਸ਼ ਦੇਣਗੇ?

ਤਹ ਹਮ ਅਧਿਕ ਤਪੱਸਿਆ ਸਾਧੀ॥ ਮਹਾਂਕਾਲ ਕਾਲਕਾ ਅਰਾਧੀ॥ 2॥ਦ.ਗ੍ਰੰ.ਪੰਨਾ 54-55॥
ਕ੍ਰਿਪ ਕਰੀ ਹਮ ਪਰ ਜਗਮਾਤਾ॥ ਗ੍ਰੰਥ ਕਰਾ ਪੂਰਨ ਸੁਭਰਾਤਾ॥ ਦ.ਗ੍ਰੰ.ਪੰਨਾ 1388
ਮੇਰੇ ਤੇ ਜਗਮਾਤਾ ਨੇ ਕ੍ਰਿਪਾ ਕੀਤੀ ਤੇ ਮੈਂ ਆਪਣਾ ਗ੍ਰੰਥ ਪੂਰਨ ਕੀਤਾ।

ਕੀ ਇਹ ਗੁਰੂ ਗੋਬਿੰਦ ਸਿੰਘ ਜੀ ਲਿਖ ਸਕਦੇ ਹਨ? ਕਿਲਬਿਖ ਸਕਲ ਦੇਹ ਕੋ ਹਰਤਾ॥ ਦੁਸਟ ਦੋਖਿਯਨ ਕੋ ਛੈ ਕਰਤਾ॥402॥ ਓਹੀ ਪੰਨਾ 1388॥

ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ॥ ਦੁਰਗਾ ਪਾਠ ਬਣਾਇਆ ਸਭੇ ਪਉੜੀਆ॥ ਫੇਰਿ ਨ ਜੂਨੀ ਆਇਆ ਜਿਨ ਇਹ ਗਾਇਆ॥55॥ ਇਤਿ ਸ੍ਰੀ ਦੁਰਗਾ ਕੀ ਵਾਰ ਸਮਾਪਤੰ ਸਤੁ ਸੁਭਮ ਸਤੁ॥ ਦ.ਗ੍ਰੰ.ਪੰਨਾ 127॥

ਇਸ ਦੁਰਗਾ ਦੀ ਵਾਰ ਵਿਚੋਂ ਹੀ ਸਾਡੀ ਅਰਦਾਸ ਆਈ ਹੈ ਜੋ ਦਸਮ ਗ੍ਰੰਥ ਦੇ ਪੰਨਾ 119 ਤੋਂ ਸ਼ੁਰੂ ਹੁੰਦੀ ਹੈ। ਜਦੋਂ ਮੈਂ ਹੋਰ ਪੁੱਛ-ਪੜ੍ਹਤਾਲ ਕੀਤੀ ਤਾਂ ਪਤਾ ਲੱਗਾ ਕਿ ਦੁਰਗਾ ਦੀ ਵਾਰ ਦੀ ਇਹ ਪਹਿਲੀ ਪਉੜੀ ਜਿਸ ਨੂੰ ਅਸੀਂ ਆਪਣੀ ਅਰਦਾਸ ਦਾ ਹਿਸਾ ਬਣਾਇਆ ਹੋਇਆ ਹੈ ਇਹ ਬਾਲਮੀਕੀ ਰਮਾਇਣ ਤੇ ਤੁਲਸੀ ਦਾਸ ਦੀ ਰਮਾਇਣ ਵਿਚੋਂ ਹੀ ਲਈ ਗਈ ਹੈ। ਇਨ੍ਹਾਂ ਰਮਾਇਣਾਂ ਵਿਚ ਨਾਮ ਮੱਛ ਕੱਛ, ਵਰਾਹ ਬਿਸ਼ਨੂੰ ਤੇ ਲੱਛਮੀ ਆਦਿ ਵਰਤੇ ਗਏ ਹਨ ਤੇ ਇਨ੍ਹਾਂ ਹੀ ਨਾਵਾਂ ਨੂੰ ਹਟਾ ਕੇ ਦੁਰਗਾ ਦੀ ਵਾਰ ਦੇ ਲਿਖਾਰੀ ਨੇ ਸਿੱਖ ਗੁਰੂ ਸਹਿਬਾਨਾਂ ਦੇ ਨਾਮ ਭਰ ਦਿੱਤੇ ਹਨ। ਸਿੱਖਾਂ ਦੀ ਅਰਦਾਸ ਬਾਰੇ ਇਕ ਵੱਖਰਾ ਲੇਖ ਇਸੇ ਪੁਸਤਕ ਵਿਚ ਛਾਪਿਆ ਜਾ ਰਿਹਾ ਹੈ।

**8. ਦਸਮ ਗ੍ਰੰਥ ਦਾ ਰੱਬ ਕਿਹੋ ਜਿਹਾ ਹੈ?**

ਚਤੁਰ ਬਾਂਹ ਚਾਰੰ॥ ਨਿਜੂਟ ਸੁਧਾਰੰ॥ ਗਦਾ ਪਾਸ ਸੋਹੰ॥ ਜਮੰ ਮਾਨ ਮੋਹੰ॥32॥ ਸੁਭੰ ਜੀਭ ਜੁਆਲੰ॥ ਸੁ ਦਾੜ੍ਹਾ ਕਰਾਲੰ॥ 33॥ ਦ.ਗ੍ਰੰ. ਪੰਨਾ 41॥ ਦਸਮ ਗ੍ਰੰਥ ਵਾਲੇ ਰੱਬ ਦੀਆਂ ਚਾਰ ਬਾਹਾਂ ਹਨ, ਸਿਰ ਤੇ ਸੋਹਣਾ ਜੂੜਾ ਵੀ ਕੀਤਾ ਹੋਇਆ ਹੈ, ਉਦੇ ਕੋਲ ਗਦਾ ਵੀ ਹੈ, ਉਹ ਜਮਾਂ ਦੇ ਮਨ ਨੂੰ ਵੀ ਮੋਹ ਰਿਹਾ ਹੈ, ਉਸ ਦੀ ਜ਼ੁਬਾਨ ਵਿਚੋਂ ਜਵਾਲਾ ਨਿਕਲ ਰਹੀ ਹੈ ਅਤੇ ਉਸ ਦੀਆਂ ਬਹੁਤ ਹੀ ਡਰਾਉਣੀਆਂ ਦਾੜ੍ਹਾਂ ਹਨ।

ਇਸਦੇ ਉਲਟ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1359 ਤੇ ਦਰਜ ਸਲੋਕ ਰੱਬ ਦੇ ਹੱਥ, ਗਦਾ ਤੇ ਸੰਖ ਆਦਿ ਹੋਣ ਦੀ ਗੱਲ ਨੂੰ ਰੱਦ ਕਰਦਾ ਹੈ ਕਿਉਕਿ ਗੁਰਬਾਣੀ ਦਾ ਰੱਬ ਅਜੂਨੀ ਹੈ, ਕਾਲ ਰਹਿਤ ਹੈ ਜੰਮਦਾ ਵੀ ਨਹੀਂ ਤੇ ਮਰਦਾ ਵੀ ਨਹੀਂ ਇਸ ਕਰਕੇ ਉਹ ਸਦੀਵੀ ਹੈ।

**ਨ ਸੰਖੰ ਨਾ ਚਕ੍ਰੰ ਨ ਗਦਾ ਨ ਸਿਆਮੰ॥ ਅਸਚ੍ਰਜ ਰੂਪੰ ਰਹੰਤ ਜਨਮੰ॥**
**ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥** ਗੁ.ਗ੍ਰੰ.ਪੰਨਾ 1359॥

**9. ਦਸਮ ਗ੍ਰੰਥ ਦਾ ਰੱਬ ਸ਼ਰਾਬ ਵੀ ਪੀਦਾ ਹੈ** ਤੇ ਸ਼ਰਾਬ ਪੀਕੇ ਜੰਗਲ ਵਿਚ ਇਉਂ ਦਹਾੜ ਰਿਹਾ ਹੈ ਜਿਵੇਂ ਸ਼ੇਰ ਦਾ ਬੱਚਾ ਜੰਗਲ ਵਿਚ ਚਿੰਘਾੜਦਾ ਹੋਵੇ। ਮਦਰਾ ਕਰ ਮੱਤ ਮਹਾ ਭਭਕੰ॥ ਬਨ ਮੈ ਮਨੋ ਬਾਘ ਬਚਾ ਬਬਕੰ॥53॥ ਦ.ਗ.ਪੰਨਾ 42॥

ਸਿੱਖ ਸੰਗਤ ਜੀਓ! ਹੁਣ ਫੈਸਲਾ ਤੁਸੀਂ ਆਪ ਕਰਨਾ ਹੈ ਕਿ ਕੀ ਠੀਕ ਹੈ ਯਾ ਕੀ ਗਲਤ।

## ਕੰਵਰ ਦੀ ਕਲਮ ਤੋਂ....



# ਦਸਮ ਦੁਆਰ

ਐਡਵੋਕੇਟ ਸੁਰਿੰਦਰ ਸਿੰਘ ਕੰਵਰ
E-mail- kanwar238@yahoo.com

ਗੁਰਬਾਣੀ ਦੇ ਕਿਸੇ ਵੀ ਸ਼ਬਦ ਦੀ ਵਿਆਖਿਆ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰਬਾਣੀ ਦਾ ਵਿਸ਼ਾ ਮਨੁੱਖ ਨੂੰ ਸਚਿਆਰ ਬਣਾਉਣਾ ਹੈ। ਇਸ ਲਈ ਹਰ ਸ਼ਬਦ ਦੀ ਵਿਆਖਿਆ ਤੋਂ ਇਹ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਉਸ ਸ਼ਬਦ ਰਾਹੀਂ ਸਚਿਆਰ ਹੋਣ ਵਾਸਤੇ ਕੀ ਸਮਝਾਇਆ ਗਿਆ ਹੈ।

ਦੂਸਰਾ, ਗੁਰਬਾਣੀ ਰਾਹੀਂ ਪਰੰਪਰਾਵਾਦੀ ਧਾਰਨਾਵਾਂ ਦੇ ਭੁਲੇਖਿਆਂ ਤੋਂ ਬਾਹਰ ਕੱਢਿਆ ਗਿਆ ਹੈ। ਪ੍ਰਚਲਿਤ ਧਾਰਨਾਵਾਂ ਦੀ ਅਸਲੀਅਤ ਨੂੰ ਸਮਝਾਇਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਧਾਰਨਾਵਾਂ ਦਾ ਉਲੇਖ ਕਰਕੇ ਇੱਕ ਨਿਵੇਕਲਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਇਸੇ ਅਨੁਸਾਰ ਇੱਕ ਪ੍ਰਚਲਿਤ ਧਾਰਨਾ ਇਹ ਹੈ ਕਿ ਸਰੀਰ ਦਾ ਕੋਈ ਦਸਮ ਦੁਆਰ ਹੈ ਜੋ ਜਨਮ ਲੈਂਦਿਆਂ ਬੰਦ ਹੋ ਜਾਂਦਾ ਹੈ। ਇਸ ਦਸਮ ਦੁਆਰ ਨੂੰ ਪ੍ਰਗਟ ਕਰਨ ਵਾਸਤੇ ਜਾਂ ਖੋਲਣ ਵਾਸਤੇ ਬਹੁਤ ਹਠ-ਤੱਪ ਕਰਨੇ ਪੈਂਦੇ ਹਨ।

ਕਿਹਾ ਜਾਂਦਾ ਹੈ ਕਿ ਇਹ ਧਾਰਨਾ ੮ਵੀਂ ਤੋਂ ੧੧ਵੀਂ ਸਦੀ ਦੇ ਕਰੀਬ ਸਿੱਧਾਂ ਅਤੇ ਯੋਗੀਆਂ ਨੇ ਪ੍ਰਚਲਿਤ ਕੀਤੀ। ਇਨ੍ਹਾਂ ਸਿੱਧਾਂ ਅਤੇ ਯੋਗੀਆਂ ਦਾ ਮੰਨਣਾ ਹੈ ਕਿ ਦਸਮ ਦੁਆਰ ਨੂੰ ਖੋਲਣ ਵਾਸਤੇ ਤਪੱਸਿਆ, ਹਠ-ਯੋਗ, ਪ੍ਰਾਣਾਯਾਮ ਅਤੇ ਕੁੰਡਲਿਨੀ ਆਦਿ ਜ਼ਰੂਰੀ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਇਸੇ ਪਰਮਾਤਮਾ ਨਾਲ ਮਿਲਾਪ ਨੂੰ ਹੀ ਦਸਵੇਂ ਦੁਆਰ ਦਾ ਪ੍ਰਗਟ ਹੋਣਾ ਜਾਂ ਖੁਲਣਾ ਮੰਨਿਆ ਜਾਂਦਾ ਹੈ। ਜਪ-ਤੱਪ ਕਰਨ ਵਾਸਤੇ ਸਿੱਧ ਅਤੇ ਯੋਗੀ ਆਦਿ ਘਰ-ਬਾਹਰ ਤਿਆਗ ਕੇ ਜੰਗਲਾਂ ਵਿੱਚ ਰਹਿੰਦੇ ਸਨ ਅਤੇ ਇਸ ਵਿਗਿਆਨਕ ਯੁੱਗ ਵਿੱਚ ਵੀ ਕਈ ਐਸੇ ਸਾਧੂ-ਸੰਤ ਆਦਿ ਹਨ ਜੋ ਜੰਗਲਾਂ ਵਿੱਚ ਆਪਣੇ ਮੱਠ ਬਣਾ ਕੇ ਰਹਿੰਦੇ ਹਨ। ਵੇਖਿਆ ਜਾਵੇ ਤਾਂ ਇਹ ਸਭ ਸਾਧੂ, ਸੰਤ, ਯੋਗੀ ਆਦਿ ੇ ਲੋਕਾਂ ਪਾਸੋਂ ਮੰਗ ਕੇ ਆਪਣੀਆਂ ਰੋਜ਼ਮਰਾਹ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਸਨ ਅਤੇ ਅੱਜ ਵੀ ਇਹ ਲੋਕਾਂ ਦੇ ਆਸਰੇ ਹੀ ਰਹਿੰਦੇ ਹਨ। ਲੋਕ ਵੀ ਐਸੇ ਹਨ ਕਿ ਉਹ ਇਨ੍ਹਾਂ ਦੀ ਪੂਜਾ ਕਰਦੇ ਹਨ। ਜਦੋਂ ਕਿ ਇਹ ਵਰਗ ਸਮਾਜ ਦਾ ਕੁਝ ਨਹੀਂ ਸਵਾਰਦਾ ਜਿਸ ਕਾਰਨ ਇਹ ਸਭ ਸਮਾਜ ਉੱਤੇ ਬੋਝ ਹੀ ਹੁੰਦੇ ਹਨ।

ਦਸਮ ਦੁਆਰ ਦਾ ਅਸਲ ਮੁੱਦਾ ਤਾਂ ਮਨ ਨੂੰ ਟਿਕਾਅ ਵਿੱਚ ਲਿਆਉਣਾ ਹੈ। ਇਸੇ ਕਾਰਨ ਗੁਰੂ ਸਾਹਿਬਾਨ ਨੇ ਪ੍ਰਚਲਿਤ ਦਸਮ ਦੁਆਰ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਗੁਰਬਾਣੀ ਅਨੁਸਾਰ ਦਸਮ ਦੁਆਰ ਕਿਸੇ ਯੋਗਿਕ ਤਕਨੀਕ ਨਾਲ ਪ੍ਰਗਟ ਨਹੀਂ ਹੁੰਦਾ ਸਗੋਂ ਗ੍ਰਿਹਸਤ ਜੀਵਨ ਵਿੱਚ ਰਹਿੰਦਿਆਂ ਹੀ ਖੁਲਦਾ ਹੈ। ਦਸਮ ਦੁਆਰ ਤੱਕ ਪਹੁੰਚਣ ਦਾ ਮਨੋਰਥ ਤਾਂ ਮਨ ਨੂੰ ਟਿਕਾਅ ਵਿੱਚ ਲਿਆਉਣਾ ਹੈ, ਅਤੇ ਸਹਿਜ ਅਵਸਥਾ ਦੀ ਪ੍ਰਾਪਤੀ ਕਰਨਾ ਹੈ। ਫਿਰ ਆਪਣੀ ਗਿਆਨ ਦੀ ਪ੍ਰਾਪਤੀ ਕਰਕੇ, ਆਪਣੀ ਹਉਮੈ ਨੂੰ ਤਿਆਗਣ ਨਾਲ ਹੀ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਆਪਣੀ ਬਿਬੇਕ ਬੁੱਧ ਨਾਲ ਹੀ ਪਰਮਾਤਮਾ ਦੀ ਅਸਲੀਅਤ ਸਮਝੀ ਜਾਂਦੀ ਹੈ। ਗਿਆਨਮਈ ਬਿਬੇਕ ਬੁੱਧ ਨਾਲ ਹੀ ਪਰਮਾਤਮਾ ਦੇ ਗੁਣਾਂ ਦਾ ਬੋਧ ਹੁੰਦਾ ਹੈ। ਇਨ੍ਹਾਂ ਗੁਣਾਂ ਦਾ ਬੋਧ ਹੋਣਾ ਹੀ ਦਸਮ ਦੁਆਰ ਦਾ ਪ੍ਰਗਟ ਹੋਣਾ ਹੈ। ਫਿਰ ਬੇਅੰਤ ਰੱਬੀ ਗੁਣਾਂ ਨੂੰ ਗ੍ਰਹਿਣ ਕਰਕੇ ਉਨ੍ਹਾਂ ਗੁਣਾਂ ਅਨੁਸਾਰ ਜੀਵਨ ਜਿਉਣਾ ਹੀ ਜ਼ਿੰਦਗੀ ਹੈ। ਐਸੇ ਗਿਆਨ ਨਾਲ ਹੀ ਮਨ ਦੀ ਗੁਲਾਮੀ ਤੋਂ, ਇੰਦਰੀਆਂ ਦੀ ਖਿੱਚ ਤੋਂ, ਅਹੰਕਾਰ ਦੀ ਕੈਦ ਤੋਂ ਅਤੇ ਮੋਹ-ਮਾਇਆ ਦੀ ਭਟਕਣ ਤੋਂ ਮੁਕਤੀ ਮਿਲਦੀ ਹੈ। ਇਹੀ ਜੀਵਨ-ਮੁਕਤ ਹੋਣਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਜਨਮ-ਮਰਨ ਤੋਂ ਪਾਰ ਦੀ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹੈ। ਇਹੀ ਦਸਮ ਦੁਆਰ ਦਾ ਖੁਲਣਾ ਹੈ।

ਇਸ ਅਨੁਸਾਰ ਗੁਰੂ ਸਾਹਿਬ ਨੇ ਸੁਚੱਜਾ ਗਿਆਨ ਅਤੇ ਰੱਬੀ ਗੁਣਾਂ ਨੂੰ ਅਪਣਾਉਣ ਵਾਸਤੇ ਪ੍ਰੇਰਿਤ ਕੀਤਾ ਹੈ। ਜਪੁ ਜੀ ਸਾਹਿਬ ਦੀ ੩੬ਵੀਂ ਪਉੜੀ ਵਿੱਚ ਸਮਝਾਇਆ ਹੈ ਕਿ ਗਿਆਨ ਖੰਡ ਵਾਲੇ ਪੜਾਅ ਤੋਂ ਸੁਚੱਜੇ ਗਿਆਨ ਦੀ ਪ੍ਰਾਪਤੀ ਕਰ ਕੇ ਮਿਹਨਤ ਕਰਨੀ ਹੈ ਅਤੇ ਆਪਣੀ ਸੁਰਤ, ਮੱਤ, ਮਨ, ਬੁੱਧ ਘੜਨੀ ਹੈ । ਗੁਰਬਾਣੀ ਦਾ ਫ਼ਰਮਾਨ ਹੈ:

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥** (ਗੁਰੂ ਗ੍ਰੰਥ ਸਾਹਿਬ ਪੰਨਾ ੮)

ਸੁਰਤ, ਮੱਤ, ਮਨ, ਬੁੱਧ ਦਾ ਘੜਨਾ ਹੀ ਆਤਮਾ ਜਾਂ ਜ਼ਮੀਰ ਦਾ ਘੜਨਾ ਹੈ। ਇਹੀ ਆਪਣਾ ਠਾਕੁਰ ਹੈ। ਇਹੀ ਪਰਮਾਤਮਾ ਦੀ ਸੋਝੀ ਦਾ ਹੋਣਾ ਹੈ। ਇਸੇ ਸੋਝੀ ਦੁਆਰਾ ਹੀ ਆਪਣੇ ਅੰਦਰ ਰੱਬੀ ਗੁਣਾਂ ਦਾ ਬੋਧ ਹੋ ਸਕਦਾ ਹੈ ਅਤੇ ਰੱਬੀ ਗੁਣ ਅਪਣਾਏ ਜਾ ਸਕਦੇ ਹਨ। ਇਹੀ ਆਪਣੇ ਅੰਦਰ

ਪਰਮਾਤਮਾ ਨੂੰ ਅਨੁਭਵ ਕਰਨਾ ਹੈ। ਗੁਰਬਾਣੀ ਅਨੁਸਾਰ ਦਸਵੇਂ ਦੁਆਰ ਦਾ ਭਾਵ ਮਨੁੱਖ ਅੰਦਰ ਆਤਮਕ ਚੇਤਨਾ, ਸੋਝੀ ਜਾਂ ਬਿਬੇਕ-ਬੁੱਧ, ਰੱਬੀ ਗਿਆਨ ਅਤੇ ਗੁਣਾਂ ਦਾ ਪ੍ਰਗਟਾਵਾ ਹੋਣਾ ਹੀ ਦਸਮ ਦੁਆਰ ਦਾ ਪ੍ਰਗਟ ਹੋਣਾ ਹੈ।

ਗੁਰਬਾਣੀ ਵਿੱਚ ਦਸਮ ਦੁਆਰ ਸਬੰਧੀ ਕਈ ਉਦਾਹਰਣਾਂ ਨਾਲ ਉਲੇਖ ਕੀਤਾ ਗਿਆ ਹੈ। ਗੁਰਬਾਣੀ ਦਾ ਫ਼ਰਮਾਨ ਹੈ:

**ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥੨॥**
**ਭਨਤਿ ਨਾਨਕ ਭਰਮ ਪਟ ਖੂਲ੍ਹ ਗੁਰ ਪਰਸਾਦੀ ਜਾਨਿਆ ॥** (ਗੁਰੂ ਗ੍ਰੰਥ ਸਾਹਿਬ ਪੰਨਾ ੬੬੬)

ਇੱਥੇ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਪਰਮਾਤਮਾ ਨੂੰ ਦਰਸ਼ਨ ਦੇਣ ਵਾਸਤੇ ਬੇਨਤੀ ਕਰ ਰਹੇ ਹਨ। ਗੁਰਬਾਣੀ ਇਹ ਵੀ ਸਮਝਾਉਂਦੀ ਹੈ ਕਿ ਪਰਮਾਤਮਾ ਦਾ ਕੋਈ ਰੰਗ, ਰੂਪ, ਰੇਖ ਨਹੀਂ ਹੈ। ਹੁਣ ਜਦੋਂ ਪਰਮਾਤਮਾ ਦਾ ਕੋਈ ਰੰਗ, ਰੂਪ, ਰੇਖ ਨਹੀਂ ਹੈ ਤਾਂ ਉਸ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ?

ਇਸ ਸਬੰਧ ਵਿੱਚ ਗੁਰਬਾਣੀ ਇਹ ਵੀ ਸਪੱਸ਼ਟ ਕਰਦੀ ਹੈ ਕਿ ਪਰਮਾਤਮਾ ਗੁਣੀ ਨਿਧਾਨ ਹੈ, ਭਾਵ ਗੁਣਾਂ ਦਾ ਖ਼ਜ਼ਾਨਾ ਹੈ ਇਸ ਲਈਪਰਮਾਤਮਾ ਦੇ ਗੁਣਾਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਅਪਣਾਉਣਾ ਹੀ ਪਰਮਾਤਮਾ ਦੇ ਦਰਸ਼ਨ ਕਰਨਾ ਹੈ।

ਇਸੇ ਤਰ੍ਹਾਂ ਗੁਰਬਾਣੀ ਇਹ ਵੀ ਸਮਝਾਉਂਦੀ ਹੈ ਕਿ:

**ਗੁਰੁ ਪਰਮੇਸਰੁ ਏਕੋ ਜਾਣੁ ॥** (ਗੁਰੂ ਗ੍ਰੰਥ ਸਾਹਿਬ ਪੰਨਾ ੮੬੪)

ਭਾਵ ਇਹ ਕਿ ਸੁਚੱਜਾ ਗਿਆਨ ਅਤੇ ਪਰਮੇਸਰੁ ਇਕ ਸਮਾਨ ਹੀ ਹਨ। ਭਾਵ ਸੁਚੱਜੇ ਗਿਆਨ ਨੂੰ ਗ੍ਰਹਿਣ ਕਰਨਾ ਹੀ ਪਰਮਾਤਮਾ ਦੇ ਦਰਸ਼ਨ ਕਰਨਾ ਹੈ। ਇਸੇ ਅਧਾਰ ’ਤੇ ਜਦੋਂ ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ** ॥੨॥

ਤਾਂ ਇਸ ਦਾ ਭਾਵ ਹੈ ਕਿ ਆਪਣੀ ਬਿਬੇਕ ਬੁੱਧ ਨੂੰ ਕਿਹਾ ਜਾ ਰਿਹਾ ਹੈ ਕਿ ਮੈਨੂੰ ਸੁਚੱਜੇ ਗਿਆਨ ਅਤੇ ਗੁਣਾਂ ਦੀ ਸੋਝੀ ਆ ਜਾਵੇ ਤਾਂ ਹੀ

**ਭਰਮ ਪਟ ਖੂਲ੍ਹ ਗੁਰ ਪਰਸਾਦੀ ਜਾਨਿਆ ॥**

ਪਰਮਾਤਮਾ ਸੰਬੰਧੀ ਭਰਮ-ਭੁਲੇਖਿਆਂ ਦਾ ਪਰਦਾ ਹਟਦਾ ਹੈ ਅਤੇ ਅੰਦਰਲਾ ਦਰਵਾਜ਼ਾ ਖੁਲ੍ਹਦਾ ਹੈ। ਸੁਚੱਜੇ ਗਿਆਨ ਵਾਲੀ ਬਿਬੇਕ ਬੁੱਧ ਨਾਲ ਪਰਮਾਤਮਾ ਦੀ ਸੋਝੀ ਆਉਂਦੀ ਹੈ। ਪਰਮਾਤਮਾ ਦੀ ਸੋਝੀ ਹੋਣਾ ਹੀ ਦਸਮ ਦੁਆਰ ਦਾ ਪ੍ਰਗਟ ਹੋਣਾ ਹੈ।

ਦਸਮ ਦੁਆਰ ਦੇ ਸੰਕਲਪ ਨੂੰ ਅੰਨਦ ਸਾਹਿਬ ਦੀ ੩੮ਵੀਂ ਪਉੜੀ ਵਿੱਚ ਵਿਸਥਾਰ ਨਾਲ ਸਮਝਾਇਆ ਗਿਆ ਹੈ। ਪਉੜੀ ਇਸ ਤਰ੍ਹਾਂ ਹੈ:

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**
**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥**
**ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥**
**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥**
**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥**

ਇਸ ਸ਼ਬਦ ਵਿੱਚ ਗੁਰੂ ਸਾਹਿਬ ਕੁਦਰਤ ਦੇ ਨਿਯਮਾਂ ਦਾ ਉਲੇਖ ਕਰਕੇ ਗਿਆਨ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰ ਰਹੇ ਹਨ ਅਤੇ ਦਸਵੇਂ ਦੁਆਰੁ ਵਾਲੀ ਧਾਰਨਾ ਦੀ ਅਸਲੀਅਤ ਸਮਝਾ ਰਹੇ ਹਨ।

ਦਸਵੇਂ ਦੁਆਰ ਦਾ ਸੰਕਲਪ ਇੱਕ ਰੂਹਾਨੀ ਸੰਕਲਪ ਨਾਲ ਸੰਬੰਧਤ ਹੈ ਅਤੇ ਇਸ ਨੂੰ ਮਨੁੱਖ ਦੇ ਧਰਮ ਨਾਲ ਜੋੜਿਆ ਜਾਂਦਾ ਹੈ। ਆਮ ਤੌਰ ’ਤੇ ਜਿੰਨੇ ਵੀ ਧਰਮ ਹਨ ਉਹ ਪਾਠ-ਪੂਜਾ ਅਤੇ ਕਈ ਤਰ੍ਹਾਂ ਕਰਮਕਾਂਡ ਕਰਨ ਨੂੰ ਹੀ ਮਨੁੱਖੀ ਧਰਮ ਸਮਝਦੇ ਹਨ। ਜਦੋਂ ਕਿ ਗੁਰਬਾਣੀ ਅਨੁਸਾਰ ਮਨੁੱਖ ਦਾ ਧਰਮ ਗਿਆਨ ਦੀ ਪ੍ਰਾਪਤੀ ਕਰਨਾ ਹੈ। ਗੁਰਬਾਣੀ ਦਾ ਫ਼ਰਮਾਨ ਹੈ:

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥** (ਗੁਰੂ ਗ੍ਰੰਥ ਸਾਹਿਬ ਪੰਨਾ ੧੩੭੨)

ਭਾਵ ਇਹ ਕਿ ਮਨੁੱਖੀ ਧਰਮ ਸਮਝਣ ਵਾਸਤੇ ਗਿਆਨ ਭਾਵ ਬਿਬੇਕ ਬੁੱਧ ਦਾ ਹੋਣਾ ਜ਼ਰੂਰੀ ਹੈ। ਉਹ ਕਰਮ ਜੋ ਤਰਕਸ਼ੀਲ ਗਿਆਨ ਦੀ ਕਸੌਟੀ ’ਤੇ ਪੂਰਾ ਨਹੀਂ ਉਤਰਦਾ ਉਹ ਝੂਠ ਹੈ ਅਤੇ ਐਸਾ ਕਰਮ ਕਰਨਾ ਹੀ ਪਾਪ ਹੈ। ਭਾਵ ਇਹ ਕਿ ਗੁਰਬਾਣੀ ਅਨੁਸਾਰ ਜਦੋਂ ਰੂਹਾਨੀਅਤ ਦੀ ਗੱਲ ਕਰਨੀ ਹੈ ਤਾਂ ਬਿਬੇਕ ਬੁੱਧ ਅਤੇ ਸੁਚੱਜੇ ਤਰਕਸ਼ੀਲ ਗਿਆਨ ਦਾ ਹੋਣਾ ਜ਼ਰੂਰੀ ਹੈ।

ਹੁਣ ਜਦੋਂ ਵਿਚਾਰਾਧੀਨ ਪਉੜੀ ਨੂੰ ਵਿਚਾਰਦੇ ਹਾਂ ਤਾਂ ਸਭ ਤੋਂ ਪਹਿਲਾਂ ਗੁਰੂ ਸਾਹਿਬ ਮਨੁੱਖ ਦੇ ਜਨਮ ਦੀ ਗੱਲ ਕਰਦੇ ਹਨ। ਗੁਰੂ ਸਾਹਿਬ ਦੱਸਦੇ ਹਨ:

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**

ਇੱਥੇ ਕੁਦਰਤ ਦਾ ਨਿਯਮ ਹੀ ਬਿਆਨ ਕੀਤਾ ਹੈ। ਭਾਵ ਪਹਿਲਾਂ ਮਨੁੱਖ ਨੂੰ ਗਰਭ ਵਿੱਚ ਰੱਖਿਆ ਗਿਆ, ਫਿਰ ਮਨੁੱਖ ਜਦੋਂ ਗਰਭ ਵਿਚੋਂ ਬਾਹਰ ਆਉਂਦਾ ਹੈ ਤਾਂ ਹਵਾ ਨਾਲ ਉਸ ਦੇ ਸਵਾਸ ਚਾਲੂ ਹੁੰਦੇ ਹਨ ਅਤੇ ਉਸ ਦੀ ਆਵਾਜ਼ ਪੈਦਾ ਹੁੰਦੀ ਹੈ।

**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥**

ਇੱਥੇ ਫਿਰ ਕੁਦਰਤ ਦੇ ਨਿਯਮ ਦਾ ਉਲੇਖ ਕੀਤਾ ਹੈ। ਗੁਰੂ ਸਾਹਿਬ ਇੱਥੇ ਬਿਆਨ ਕਰਦੇ ਹਨ ਕਿ ਜਨਮ ਲੈਣ ਦੇ ਨਾਲ ਹੀ ਮਨੁੱਖ ਦੇ ਨੌਂ ਦੁਆਰੇ ਭਾਵ ਕਰਮ ਇੰਦਰੇ (ਦੋ ਨਾਸਾਂ, ਦੋ ਕੰਨ, ਦੋ ਅੱਖਾਂ, ਇੱਕ ਮੂੰਹ, ਇੱਕ ਗੁਦਾ, ਇੱਕ ਲੰਿਗ) ਖੁਲ ਜਾਂਦੇ ਹਨ। ਪਰ ਉਸ ਸਮੇਂ ਉਸ ਨੂੰ ਆਪਣੀ ਆਤਮਾ ਦੀ ਸੋਝੀ ਨਹੀਂ ਹੁੰਦੀ। ਕਿਉਂਕਿ ਹਾਲੇ ਉਸ ਨੇ ਗੁਣਾਂ ਨੂੰ ਸਮਝਣਾ ਹੈ ਅਤੇ ਗਿਆਨ ਦੀ ਪ੍ਰਾਪਤੀ ਕਰਨੀ ਹੁੰਦੀ ਹੈ, ਜਿਸ ਨਾਲ ਉਸ ਨੇ ਆਪਣੀ ਸੁਰਤ, ਮੱਤ, ਮਨ ਬੁੱਧ ਘੜਨੀ ਹੈ। ਉਸ ਨੂੰ ਆਪਣੀ ਜ਼ਮੀਰ ਜਾਂ ਆਤਮਾ ਦੀ ਸੋਝੀ ਨਹੀਂ ਹੁੰਦੀ। ਆਪਣੀ ਜ਼ਮੀਰ ਜਾਂ ਆਤਮਾ ਦਾ ਬੋਧ ਨਾ ਹੋਣਾ ਹੀ ਦਸਮ ਦੁਆਰ ਦਾ ਗੁਪਤ ਹੋਣਾ ਹੈ। ਭਾਵ ਉਸ ਦਾ ਦਸਵਾਂ ਦੁਆਰ ਗੁਪਤ ਹੁੰਦਾ ਹੈ। ਇਸੇ ਨੂੰ ਪ੍ਰਗਟ ਕਰਨ ਵਾਸਤੇ ਗੁਰੂ ਸਾਹਿਬ ਫ਼ਰਮਾਉਂਦੇ ਹਨ:

**ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥**

**ਦਸਵਾ ਦੁਆਰ ਦਿਖਾਇਆ** ਭਾਵ ਇੱਥੇ ਦਸਵੇਂ ਦੁਆਰ ਤੱਕ ਪਹੁੰਚਣ ਦਾ ਰਸਤਾ ਸਮਝਾਇਆ ਹੈ। ਅਤੇ ਕਿਹਾ ਹੈ: "ਗੁਰਦੁਆਰੈ ਲਾਇ ਭਾਵਨੀ" ਗੱਲ ਗਿਆਨ ਪ੍ਰਾਪਤ ਕਰਨ ਦੀ ਹੈ। "ਗੁਰਦੁਆਰੈ" ਦਾ ਭਾਵ ਕੇਵਲ ਇਮਾਰਤ ਰੂਪ ਗੁਰਦੁਆਰਾ ਨਹੀਂ, ਸਗੋਂ ਇਹ ਗੁਰੂ ਦੇ ਗਿਆਨ ਦਾ ਦੁਆਰ ਹੈ, ਜਿੱਥੋਂ ਗੁਰੂ ਦੀ ਸਿੱਖਿਆ ਰਾਹੀਂ ਸੁਚੱਜੇ ਗਿਆਨ ਅਤੇ ਰੱਬੀ ਗੁਣਾਂ ਨੂੰ ਪ੍ਰਾਪਤ ਕਰਨ ਦੀ ਸੋਝੀ ਆਉਂਦੀ ਹੈ। ਉਹ ਸਥਾਨ ਜਿੱਥੋਂ ਸੁਚੱਜੀ ਰੂਹਾਨੀਅਤ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਗੁਰਬਾਣੀ ਦਾ ਫ਼ਰਮਾਨ ਹੈ:

**ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥** (ਗੁਰੂ ਗ੍ਰੰਥ ਸਾਹਿਬ ਪੰਨਾ ੭੩੦)

ਇੱਥੇ"ਗੁਰਦੁਆਰੈ ਲਾਇ ਭਾਵਨੀ" ਭਾਵ ਮਿਹਨਤ ਅਤੇ ਲਗਣ ਨਾਲ ਸੁਚੱਜੇ ਗਿਆਨ ਦੀ ਪ੍ਰਾਪਤੀ ਕਰਨੀ ਹੈ। ਇਸੇ ਗਿਆਨ ਨਾਲ ਸੁਰਤ, ਮੱਤ, ਮਨ, ਬੁੱਧ ਘੜਨੀ ਹੈ। ਪੂਰੀ ਲਗਣ ਅਤੇ ਮਿਹਨਤ ਕਰਕੇ ਪਰਮਾਤਮਾ ਦੇ ਗੁਣ ਸਮਝਣਾ ਹੈ ਅਤੇ ਉਨ੍ਹਾਂ ਗੁਣਾਂ ਨੂੰ ਅਪਣਾਉਣਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਫ਼ਰਮਾਉਂਦੇ ਹਨ "ਇਕਨਾ ਦਸਵਾ ਦੁਆਰੁ ਦਿਖਾਇਆ" ਭਾਵ ਜਦੋਂ ਸੁਚੱਜੇ ਗਿਆਨ ਅਤੇ ਗੁਣਾਂ ਦੀ ਸੋਝੀ ਆਉਂਦੀ ਹੈ ਤਾਂ ਦਸਵੇਂ ਦੁਆਰ ਦੀ ਅਸਲੀਅਤ ਦਾ ਅਨੁਭਵ ਹੋ ਜਾਂਦਾ ਹੈ।

**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥**

ਭਾਵ: ਗਿਆਨਵਾਨ ਬਿਬੇਕ ਬੁੱਧ ਨਾਲ ਉਸ ਪਰਮਾਤਮਾ ਸਬੰਧੀ ਸੋਝੀ ਆਉਂਦੀ ਹੈ। ਇਹੀ ਮਨੁੱਖ ਦੇ ਦਸਮ ਦੁਆਰ ਦਾ ਪ੍ਰਗਟ ਹੋਣਾ ਹੈ। ਇਸ ਅਵਸਥਾ 'ਤੇ ਪਹੁੰਚ ਕੇ ਉਸ ਨੂੰ ਪਰਮਾਤਮਾ ਦੀ ਵਿਸ਼ਾਲਤਾ ਦਾ ਅਨੁਭਵ ਹੁੰਦਾ ਹੈ। । ਉਸ ਨੂੰ ਪਰਮਾਤਮਾ ਦੀ ਹੋਂਦ ਅਤੇ ਉਸ ਦੇ ਗੁਣਾਂ ਦਾ ਪ੍ਰਗਟਾਵਾ ਅਨੇਕ ਰੂਪਾਂ ਵਿੱਚ ਨਜ਼ਰ ਆਉਂਦਾ ਹੈ। ਭਾਵ ਹਰ ਥਾਂ ਉਸ ਨੂੰ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ। ਇਸ ਦੇ ਨਾਲ ਹੀ ਉਸ ਦੇ ਅੰਦਰ ਪਰਮਾਤਮਾ ਦੇ ਗੁਣਾਂ ਅਤੇ ਗਿਆਨ ਦਾ ਇੰਨਾ ਭੰਡਾਰ ਜਮ੍ਹਾਂ ਹੋ ਜਾਂਦਾ ਹੈ ਜਿਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਫਿਰ ਆਖਦੇ ਹਨ:

**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥**

ਇਹ ਕਾਵਿ ਰਚਨਾ ਦੀ ਇੱਕ ਆਮ ਸ਼ੈਲੀ ਹੈ ਜਿਸ ਵਿੱਚ ਪਹਿਲੀ ਪੰਗਤੀ ਨੂੰ ਅੰਤ ਵਿੱਚ ਦੁਹਰਾਇਆ ਜਾਂਦਾ ਹੈ। ਇੱਥੇ ਗੁਰੂ ਨਾਨਕ ਦੇ ਫ਼ਲਸਫ਼ੇ ਦਾ ਪ੍ਰਗਟਾਵਾ ਕਰਦੇ ਹੋਏ ਪਹਿਲੀ ਪੰਗਤੀ ਨੂੰ ਦੁਹਰਾਇਆ ਗਿਆ ਹੈ।

ਇਸ ਤੋਂ ਸਮਝ ਇਹ ਆਉਂਦੀ ਹੈ ਕਿ ਦਸਮ ਦੁਆਰ ਉਹ ਅਵਸਥਾ ਹੈ ਜਿੱਥੇ ਮਨੁੱਖ ਦੀ ਬਿਬੇਕ-ਬੁੱਧ ਜਾਗਦੀ ਹੈ, ਰੱਬੀ ਗੁਣ ਪ੍ਰਗਟ ਹੁੰਦੇ ਹਨ, ਅਤੇ ਜੀਵਨ ਸਹਿਜ, ਨਿਰਭਉ ਅਤੇ ਰੱਬੀ ਹਾਜ਼ਰੀ ਨਾਲ ਭਰਪੂਰ ਹੋ ਜਾਂਦਾ ਹੈ।




## BOOK REVIEW

Title: **GEMS OF SIKHISM**
Author: **Ranjit Singh Kharag**
Edited and Annotated
**Er. Karamjit Singh**
Published by **Tarlochan Publishers, Chandigarh**
Price: Rs 700 (25 $); First Edition: 2024
Book Review by
**Dr. H.S. Virk**
Prof. of Eminence (Hon.), SGGS World University, Fatehgarh Sahib.

Ranjit Singh Kharag is not known in academic circles as his writings in English and Punjabi remained unpublished before his death in 1971. Er Karamjit Singh, his devoted son, took up the cudgels to publish his father's manuscripts. Ranjit Singh Kharag never went to a college or a university for higher education. After Matriculation, he went to Lahore in search of a job and in 1932 joined a vernacular paper as a profession. Kharag was a born poet and he wrote 562 poems which have been compiled in three volumes by his son. After a few ups and downs in his life, he was able to find a permanent job in Accountant General Office of Posts and Telegraphs, Shimla in 1945.




In the introduction about the author, Karamjit Singh, Editor and Annotator of this book, writes about his father: "Having studied Punjabi, Hindi, Urdu, English and Persian, he was very fond of *Sher-o-Shayri* and often quoted couplets of Ghalib, Shakespeare and other favourite poets as per situation. Since his coming to Shimla, he religiously went to Sri Guru Singh Sabha, Cart Road Shimla. His contribution to the Gurdwara Sahib was immense and was appreciated by all. Father was a true humanist and an idealist. But he did not look back, ten years of evolution of mind and his literary pursuit brought him on pedestal of the first line of writers".

Dr Asa Singh Ghuman writes in his Preface: "I have always appreciated the efforts being made by respected Er. Karamjit Singh Ji to compile and edit the valuable writings of his father, Sardar Ranjit Singh Ji Kharag. The present volume is also a rosary or a mosaic of very precious articles, written on various aspects or anecdotes of Sikh history". Asa Singh has appreciated the knowledge of modern historiography found in the writings of Ranjit Singh Kharag. He has reviewed almost all the Chapters of this book and found a stream of Sikh thought flowing uninterrupted in these Chapters.

The book under review has 23 Chapters. Bulk of the Chapters are focussed on Sikh history of the Sikh Gurus and Maharaja Ranjit Singh and his family. In Chapter 1"Warning of History", Kharag displays his knowledge of world history: "History is the fifth Veda according to ancient Indians. In the words of Napoleon, "History is a set of lies agreed upon." He is, however reputed to have proclaimed: 'let my son read and reflect upon history - it is

the only philosophy. Further, he elaborates the role of history: "The history of a country is a great museum. Nor does it only record wars and changes of dynasties of revolutions and rebellions, but also political intellectual, religious, social, economic and industrial development of a people".

All Chapters of this book comprise the articles published by Ranjit Singh Kharag in Spokesman Weekly published in Delhi under the patronage of Sardar Hukam Singh, the Speaker of Lok Sabha. Chapter 2 "A Study in the Life and Thoughts of Bhagat Namdev" is a brilliant exposition of Saint-Poet's life, travels, compositions and revolutionary ideas against untouchability. In addition to Namdev's bani recorded in the Sikh Scripture (Sri Guru Granth Sahib), Kharag found ten other volumes written by Bhagat Namdev. His passing away at village Ghuman in Gurdaspur district of Punjab, establishes his credentials to unite people of Punjab and Marathas of Maharashtra. I find this article as most informative about Bhagat Namdev.

Chapters 3-7 are based on Akal Takhat, battles of Bhangani and Chamkaur, Pir Buddhu Shah, and Banda Singh Bahadur. The author has used all available sources in Sikh literature and history to describe these Chapters. He refers to research work of Dr Ganda Singh, the topmost Sikh historian, in the form of a book published by Punjabi University, Patiala: "Guru Gobind Singh clearly perceived what was yet vital in the youthful ascetic and resumed it with Promethean fire. He availed himself of the psychological moment, dressed him like a Sikh and administered to him the immortal draught, the Amrit of the Khalsa Church. He was given the name of Banda Singh".

Chapter 8 "Great Holocaust of 1762" is better known as "*Vadda Ghallughara"* in Sikh history. The author has quoted twenty different sources, including Persian and English, to enumerate the loss suffered by the Sikhs. It is a rough estimate that half the Sikh population in Punjab was decimated by the marauding army of Ahmad Shah Abdali, when the *Vaheer* (the moving caravan) was attacked at village Kup Rahira in Malerkotla state. All Sikh leaders, including Jassa Singh Ahluwalia, Charhat Singh Sukarchakia, and Jassa Singh Ramgarhia, joined hands in this battle of survival. Sikh leaders fought to protect their women, children and other non-combatants, but lost their most valued Scriptures prepared by Guru Arjun (Aad Guru Granth Sahib) and *Damdami Bir*, prepared by Guru Gobind Singh Jee at Talwandi Sabo.

Chapters 9 and 10 narrate the rise of Khalsa army to conquer Lahore and appoint Jassa Singh Ahluwalia as their King (Padshah). Chapters 11-15 are focussed on Maharaja Ranjit Singh and his victories. The author also gives description of Bhangian Di Tope, Akali Phula Singh and Hari Singh Nalwa, the two great Generals who helped the Maharaja to expand his territories. Hari Singh lost favour of Ranjit Singh as he opposed to his meeting with the British Governor General at Ropar. He was also not in favour of Prince Kharak Singh as successor of Ranjit Singh. Cunnigham, the historian of the Sikhs, records this episode: "That Ranjit Singh was jealous personally, of Hari Singh, or that the servant would have proved a traitor to the living master, is not probable: but Hari Singh was a zealous Sikh and an ambitious man, and Kharak Singh was always full of doubts and apprehensions with respect of his succession and even his safety". The author provides valuable information about Hari Singh Nalwa's family.

Chapter 15 "Coins of Lahore Darbar" is an important Chapter in this book. It is one of the most informative for those who work in the field of numismatics of Sikh coins. The author refers to coins struck by Sardar Jassa Singh Ahluwalia, Maharaja Ranjit Singh, and Baba Ala Singh. The Sikhs conquered Lahore on 17 November 1761 and struck coins in Lahore mint in name of Jassa Singh Ahluwalia, the "*Sultan-ul-Quam*". The coins bore the following Persian inscription:

*Sikka zad dar Jahan ba fazle Akal, Mulk-i-Ahmed grift jassa kalal.*

It was considered derogatory to the honour of Jassa Singh Ahluwalia. This coin was again struck in the Amritsar mint as a Nanak Shahi coin, with a changed inscription:

*Akal Sahai Guru Nanak Ji (in Gurmukhi)*
*Sar Tegh-i-Nanak az Fazli-i-Fateh-i-*
*Gobind Singh Shah-i-Shahan Sahib Sikka*

*zad bar Simo-Zar (in Persian).*

When Sikhs conquered Lahore, second time in 1765, they struck a coin, called Gobind Shahi coin, with the following inscription in Persian:

Obverse: *Deg teg 'o fateh nusrat bedrang yafat az Nanak, Guru Gobind Singh*

Reverse: *Zarb Darrul Saltanat Lahore, Sambat 1822, maimanat manus.*

To keep my review in limits, I jump frog to Chapters 18 (Kanwar Nau Nihal Singh) and 20 (Maharaja Dalip Singh). Both these Chapters describe the downfall of Sikh Kingdom of Maharaja Ranjit Singh and its consequences. The details given by the author about the death of Kanwar Nau Nihal Singh, the role of Dogras, the conspiracy of Sandhanwalias, and extradition of Maharaja Dalip Singh to England are full of poignant details. It exposes the chicanery and wickedness of Dogra brothers, who enjoyed unbridled power in the Darbar of Maharaja Ranjit Singh, and the British rulers of India who wanted to usurp the Kingdom of Lahore by hook or by crook. The author writes about the fate of Sikh Kingdom of Lahore: *"Dalip Singh was the youngest and most unlucky son of Maharaja Ranjit Singh, being born of Maharani Jindan at Lahore on September 4, 1838. Though born with a silver spoon yet died a pauper. What an irony of fate that hewas destined to sign the death warrant of the Kingdom of Punjab!"*

Chapter 22 "They fought for Freedom" narrates the story of bravery of Sikhs in the following words: "Sikhs and their cult, over the years has developed into a nation. A large number of patriots right from Sikh Gurus, Sikh generals and Sikh fighters who stood for welfare and uplift of humanity and sacrificed their lives against the tyranny and oppression of Mughals and Britishers". The author goes on to narrate the brief history of Kuka Movement, Babbar Akalis, Ghadar Party, Jallianwala Bagh, Guru Ka Bagh, Quit India Movement, Kartar Singh Sarabha, and Bhagat Singh. Editor Karamjit Singh, in his References and Notes, describes the story of Bhai Maharaj Singh, the first freedom fighter against the British, and his associate Wazir Ram Singh, who was a Minister in the services of Maharani Jindan.

Summing up my review, I can conclude without any bias that the author, Ranjit Singh Kharag, was a topmost historian of Punjab without any formal training in history. How he achieved such a high pedestal as a historian of the Sikhs is beyond my comprehension. I have been a student of science throughout my life but my love for history of Punjab, in general, and the Sikhs, in particular, has been my lifelong pursuit. In my estimation, Ranjit Singh Kharag, created a niche for himself by his dedication and devotion to Sikhi. His references include British historians (Malcolm & Cunnigham), India historians (GC Narang, Sita Ram Kohli, Bawa Prem Singh, and Ganda Singh), and Persian sources at the disposal of author. The editor of this book has provided a list of fourteen books written by his father (Ranjit Singh Kharag) and published by the Editor. Most of these books are published in Punjabi but the present one and another, "Golden Crystals-Essays in Sikh History" are both published in English. I wish the Scholars of History to evaluate the work of Ranjit Singh Kharag, including the Notes of Editor, Er Karamjit Singh. I recommend this book as a window on Sikh History.



*Reviewer: Dr. H.S. Virk*
*Prof. of Eminence (Hon.), SGGS World University, Fatehgarh Sahib*




## BOOK REVIEW.

Title: **Meri Janambhumi (Pakistan) Dian Yatravan**
(My Travels to My Birthplace – Pakistan)
Author: **Prof. Hardev Singh Virk**
Publisher: **South Asia Research Center of India**
Year of Publication : **2026.**
Price: **Free Online Copy.**
**Pages**: 51
Reviewed by: : **Dr. Devinder Pal Singh**, **Professor, Arihanta Institute, San Jose, California, USA**

**A Physicist's Pilgrimage Across a Divided Punjab.**

There is a particular kind of longing that only those displaced by Partition can truly understand: the yearning to return to the soil where one first breathed, where one's roots run deep beneath houses now occupied by strangers, beneath streets that carry different names, beneath a sky that belongs to a different nation. Hardev Singh Virk's *Meri Janambhumi (Pakistan) Diyan Yatravan* is an intimate, deeply personal account of that longing being fulfilled, not once but four times over four decades. Written in Punjabi, the book chronicles the author's journeys to Pakistan in 1981, 1983, 1988, and most recently in 2024, weaving together the threads of personal memory, scientific achievement, cultural observation, and the bittersweet experience of returning to a homeland forever altered by history.

Hardev Singh Virk is not an ordinary travel writer. A professor of physics at Guru Nanak Dev University, Amritsar, he is a man of science who has published nearly fifty books and contributed extensively to physics research across international platforms. That a scientist of his caliber should write with such tenderness and emotional depth about ancestral villages, Sikh shrines, and partition memories speaks to the complexity of identity that the 1947 division of Punjab produced in those who lived through it, or in Virk's case, who were carried through it as a six-year-old child.

The author is candid about his motivations in the preface. Two reasons compelled him to write: the desire to meet his goal of fifty published books, and the requests from friends and readers in his village to share the story of his birthplace. At eighty-four years of age, conscious that his health may not permit further travel, this book reads as both a memoir and a farewell; a final reckoning with the land he left behind as a child.

The account of the first Pakistan visit in 1981 is the most emotionally charged section of the book. Virk had travelled to Nathia Gali in Pakistan's hill station region to attend an international physics summer school organized under the auspices of ICTP (International Centre for Theoretical Physics, Trieste), under the patronage of the Nobel Laureate physicist Professor Abdus Salam. The summer school itself brought together physicists from across Asia and Africa, including Nobel Prize winners, in an intellectually stimulating environment set against the dramatic Himalayan landscape.

But it is the personal detours of the visit that form the narrative's emotional core. Virk's anxiety at crossing the Wagah border, the memory of the 1947 massacres still vivid through his mother's stories, is palpably rendered. His hesitation to step out of his French friend's house in Lahore, the near-paranoid sense that Pakistan was enemy territory, gives way gradually to the discovery of ordinary human warmth. A fellow passenger on the bus who

addresses him as "Sardar ji" and helps him find his way; the residents of Lahore's streets going about their daily lives with an ease that dissolves his fear, these small moments constitute one of the book's central arguments: that the people of divided Punjab, separated by a political line, remain bound by language, culture, and an instinctive sense of kinship.



*Author: Dr. H.S. Virk*
*Prof. of Eminence (Hon.), SGGS World University, Fatehgarh Sahib*

The visit to Kamoke, his ancestral town in Gujranwala district, is extraordinarily moving. Walking through the lanes of his childhood neighborhood, recognizing the house where his family lived before the Partition exodus, being embraced by the descendants of Muslim families who remembered his people, Virk is reduced to tears by the widow Mirasan, who had once fed bread to his grandmother when she was left behind alone. The generosity of strangers who are not quite strangers, bound by the old ties of neighborhood, emerges as one of the book's most powerful themes.

The second and third visits carry a dual character: part scientific mission, part emotional homecoming. The 1983 trip to Lahore for an international conference on Renewable Energy, and the 1988 visit for the 14th International Solid State Nuclear Track Detector Conference, both demonstrate how academic diplomacy can occasionally achieve what political diplomacy fails to do: bring people together across hostile borders.

Virk's descriptions of these conferences are rich in detail. He notes with pride that his research group submitted more papers than any other Indian delegation at the 1988 conference, and that an Australian professor was so impressed with his presentation that he offered to publish his research paper - a small but satisfying vindication of cross-border scientific collaboration. He also registers quiet indignation at the exclusion of Indian delegates from the Pakistani Prime Minister's special flight to Swat Valley, arranged for foreign delegates - a pointed reminder that political hostility can intrude even into the most collegial scientific settings.



*Baba Guru Nanak International University, Pakistan*

The visits to Nankana Sahib, the birthplace of Guru Nanak, carry deep spiritual weight on each trip. Virk describes the gurdwara in its 1981 form, still in its original, unmodernized state. By the time of his 2024 visit, Nankana Sahib had transformed considerably: a new Baba Guru Nanak University had been established there by the Pakistani government, with its architecture echoing the gurdwara's domes. Virk delivers a lecture there on water pollution in Punjab's rivers, a subject that bridges the two nations' shared environmental crisis, and meets Pakistani academics with genuine warmth and scholarly curiosity.

The final and most recent journey, undertaken in December 2024 at the age of eighty-two, is the most expansive section of the book. This time, Virk travels not merely as a scientist attending a conference, but as an old man revisiting his roots, fully aware that this may be his last opportunity to do so. He travels to Kamoke again, to his mother's

birthplace, Mazhiwala in Lyallpur (now Faisalabad) district, to Lahore's historic monuments, and to the birthplace of Bhagat Singh in the village of Banga.

The visit to Mazhiwala is organized with remarkable hospitality by Mushtaq Ahmad Gill, an engineer whose family migrated from the village Nag Kalan in Amritsar district during Partition. Mushtaq's 90-year-old mother still lives in the village. A welcome ceremony is arranged at the local school, where girls shower him with rose petals, the first such reception of his life, he notes with touching humility. A tree is planted in the school compound bearing the names of Virk and his mother. The old peepal tree in the gurdwara courtyard, under which Mushtaq himself had received his primary education, still stands.



Bhagat Singh Museum, Banga, Pakistan

The visit to the Bhagat Singh museum in village Banga, maintained entirely through the private efforts of Chaudhri Saqib Ali Virk (a Muslim who shares Virk's clan name), is a remarkable moment of shared historical pride. The walls of the house display photographs of Bhagat Singh and his companions, and the berry hedge grown by Bhagat Singh himself is preserved. That a Muslim Pakistani family should devote itself to honoring a Sikh revolutionary martyr speaks eloquently to the tangled, inseparable histories of the two Punjabs.

Throughout all four journeys, Virk consistently challenges the media-driven narrative of Pakistan as an enemy nation. He observes that ordinary Pakistanis are welcoming, hospitable, and nostalgic for the pre-Partition bonds across communities. He notes, with some sadness, the visible spread of religious conservatism in Lahore, women in burqas even in universities, and reflects on how political Islam has constrained social life in ways that seem alien to the shared Punjabi culture he remembers. He is equally critical of India's border signage at Wagah, which reads "First Line of Defense" rather than "Welcome to India," a piece of state-sponsored hostility he finds petty and counterproductive.

His vision throughout is of two Punjabs that must find their way back to each other, not through political resolution alone, but through cultural exchange, trade, academic collaboration, and the simple human act of remembering that one's neighbor across the border was once one's neighbor down the street.

*Meri Janambhumi (Pakistan) Diyan Yatravan* is a book that belongs to a rare and precious genre: the Partition memoir that refuses bitterness. Hardev Singh Virk writes with the clarity of a scientist, the tenderness of a son, and the hope of a man who has lived long enough to know that hatred is a choice, not a destiny. This book deserves a wide readership in both Punjabs, and an English translation would extend its reach far beyond the Punjabi-speaking world. It is, ultimately, not just a travelogue but a testament, to the endurance of human connection across the most artificial of borders.



*Reviewer: Dr. Devinder Pal Singh, Professor, Arihanta Institute, San Jose, California, USA*

N E W B O O K S










N E W B O O K S

*Must Have in Every Sikh Home*

*Each Book Contains Essays on:*

*The Methodology Used.*

*Historical Background of the Banis*

*The Composition of the Bani*

*And More ….*

**Order Online From**

**https://sikhivicharforum.org/store/**

**Enquiry: dhillon99@gmail.com**







*Understanding Salok Mehla 9. Hardcover. 112 pages.*

*Understanding Salok Sheikh Fareed Kay. Hardcover. 164 pages.*

*Understanding Salok Bhagat Kabir Jio Kay. Hardcover. 272 pages.*

*Selected Gurbani Shabds. Hardcover. 522 pages.*

*Selected Sikhi Concepts. Hardcover. 315 pages.*

## Note to Contributors

*The Sikh Bulletin* invites articles on matters relating to *Sikhi*. Essays that adopt CRITICAL approaches towards Sikh matters and issues are given priority for publication. Articles devoted towards exploring the messages of Gurbani as contained within the Aad Guru Granth Sahib (AGGS) are particularly welcome.

Manuscripts must be in English or Gurmukhi and must begin with a title page that includes the names, e-mail addresses, and affiliations of all authors. References must be properly cited.

Manuscripts need to be submitted online to editor@sikhbulletin.com or dhillon99@gmail.com and must be in Microsoft Word (.doc). The preffered font for English characters is Calibri font size 11. Gurbani and Gurmukhi characters must be in Unicode (Nirmla UI).

The maximum length for each article in a regular issue is 5,000 words.

## Note on Use of Gurbani Verses and Translations by Authors

When quoting Gurbani in their articles, authors are required to provide the Gurmukhi version of the full verse and a romanised version. Mention musts be made of the page where it is to be found in the AGGS. In line with the aspirations of *The Sikh Bulletin*, authors must provide translations of Gurbani verses that break from the mould of vedantic, yogic and literal slants prevalent in orthrodox translations. Articles relying solely on Gurbani translations as provided by Sant Singh Khalsa MD's English Translation will NOT be published.

---

## Note to Readers

*The Sikh Bulletin* is published in electronic format and is being sent to readers whose e-mail addresses are in our distribution list. Please feel free to forward this issue to your contacts. Alternatively, you may provide us the e-mail addresses of friends and family who would like to receive The Sikh Bulletin regularly.

*The Sikh Bulletin* (including past issues) may be accessed at www.sikhbulletin.com. More recent issues can also be accessed at www.sikhivicharforum.org. Archived copies of the Sikh Bulletin can be retrieved here: https://archive.org/details/sikh-bulletin.

The views expressed by authors are their own. Please send feedback at editor@sikhbulletin.com

**Thank you for your continued support of The Sikh Bulletin. *Editor*.**

*One of the most tragic things I know about human nature is that all of us tend to put off living. We are all dreaming of some magical rose garden over the horizon instead of enjoying the roses that are blooming outside our windows today.*

**Dale Carnegie, American Writer (1811 – 1955)**